Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 118 | Thursday, June 16, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਚਾਰੈਸਟ ਤੇ ਬ੍ਰਾਊਨ ਨੂੰ ਲਿਬਰਲ ਤੇ ਐਨਡੀਪੀ ਨੇ ਦੱਸਿਆ ਬਿਹਤਰ ਆਗੂ



ਓਟਵਾ, 15 ਜੂਨ (ਪੋਸਟ ਬਿਊਰੋ) : ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਲਿਬਰਲ ਤੇ ਐਨਡੀਪੀ ਵੋਟਰਾਂ ਦਾ ਮੰਨਣਾ ਹੈ ਕਿ ਫੈਡਰਲ ਕੰਜ਼ਰਵੇਟਿਵ ਪਾਰਟੀ ਲਈ ਜੀਨ ਚਾਰੈਸਟ ਜਾਂ ਪੈਟ੍ਰਿਕ ਬ੍ਰਾਊਨ ਵਧੇਰੇ ਵਧੀਆ ਆਗੂ ਬਣ ਸਕਦੇ ਹਨ।

ਲੈਜਰ ਵੱਲੋਂ ਜਾਰੀ ਕੀਤੇ ਗਏ ਰਿਸਰਚ ਸਬੰਧੀ ਡਾਟਾ ਤੋਂ ਇਹ ਅੰਕੜੇ ਸਾਹ-ਮਣੇ ਆਏ। ਆਨਲਾਈਨ ਕੀਤੇ ਗਏ ਸਰਵੇਖਣ ਵਿੱਚ 1528 ਲੋਕਾਂ ਦੇ ਕੰਪਿਊਟਰ ਅਧਾਰਤ ਵੈੱਬ ਇੰਟਰਵਿਊਇੰਗ ਤਕਨਾਲੋਜੀ ਨਾਲ ਇੰਟਰਵਿਊ ਲੈਣ ਤੋਂ ਬਾਅਦ ਇਹ ਅੰਕੜੇ ਸਾਹਮਣੇ ਆਏ। ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਤੋਂ ਪੁੱਛਿਆ ਗਿਆ ਕਿ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਖੜ੍ਹੇ ਛੇ ਉਮੀਦਵਾਰਾਂ ਵਿੱਚੋਂ ਕਿਹੜਾ ਪਾਰਟੀ ਲਈ ਬਿਹਤਰੀਨ ਰਹੇਗਾ? ਪਾਰਟੀ ਵੱਲੋਂ 10 ਸਤੰਬਰ ਨੂੰ ਆਪਣੇ ਨਵੇਂ ਆਗੂ ਦਾ ਖੁਲਾਸਾ ਕੀਤਾ ਜਾਵੇਗਾ।

ਲੈਜਰ ਦੇ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਕ੍ਰਿਸਚੀਅਨ ਬੌਰਕ ਦਾ ਕਹਿਣਾ ਹੈ ਬਿਹਤਰੀਨ ਕੰਜ਼ਰਵੇਟਿਵ ਆਗੂ ਚੁਣੇ ਜਾਣ ਲਈ ਪੁੱਛੇ ਸਵਾਲ ਦੇ ਜਵਾਬ ਵਿੱਚ 58 ਫੀ ਸਦੀ ਸਰਵੇਖਣਕਾਰੀਆਂ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਤੇ ਜਾਂ ਫਿਰ ਉੱਪਰ ਦਿੱਤੇ ਜਵਾਬਾਂ ਵਿੱਚੋਂ ਕੋਈ ਨਹੀਂ।ਜਦੋਂ ਕੰਜ਼ਰਵੇਟਿਵ ਵੋਟਰਾਂ ਤੋਂ ਇਹੋ ਸਵਾਲ ਪੁੱਛਿਆ ਗਿਆ ਤਾਂ 23 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਤੇ 8 ਫੀ ਸਦੀ ਨੇ ਆਖਿਆ ਕਿ ਉੱਪਰ ਦਿੱਤੇ ਜਵਾਬਾਂ ਵਿੱਚੋਂ ਕੋਈ ਵੀ ਨਹੀਂ।

ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਟੋਰੀ ਲੀਡਰਜ਼ ਵਿੱਚੋਂ 44 ਫੀ ਸਦੀ ਨੇ ਆਖਿਆ ਕਿ ਪਿਏਰ ਪੌਲੀਏਵਰ ਵਧੀਆ ਆਗੂ ਬਣ ਸਕਦੇ ਹਨ।ਚਾਰੈਸਟ ਤੇ ਕਿਊਬਿਕ ਦੇ ਸਾਬਕਾ ਪ੍ਰੀਮੀਅਰ 14 ਫੀ ਸਦੀ ਵੋਟਾਂ ਹੀ ਹਾਸਲ ਕਰ ਸਕੇ।

## ਦਿੱਲੀ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਵਾਸਤੇ ਪੰਜਾਬ ਤੋਂ ਸਰਕਾਰੀ ਵੋਲਵੋ ਬੱਸਾਂ ਚੱਲਣੀਆਂ ਸ਼ੁਰੂ

### * ਮਾਨ ਤੇ ਕੇਜਰੀਵਾਲ ਨੇ ਹਰੀ ਝੰਡੀ ਦੇ ਕੇ ਸ਼ੁਰੂਆਤ ਕੀਤੀ



ਜਲੰਧਰ, 15 ਜੂਨ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਦੋ ਪ੍ਰਮੁੱਖ ਆਗੂਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜਏਥੋਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਵੋਲਵੋਬੱਸ ਸੇਵਾ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਬੱਸ ਸਰਵਿਸ ਸ਼ੁਰੂ ਹੋਣ ਦੀ ਚਿਰਾਂ ਤੋਂ ਉਡੀਕ ਕੀਤੀ ਜਾ ਰਹੀ ਸੀ, ਜਿਹੜੀ ਅੱਜ ਬਾਕਾਇਦਾ ਸ਼ੁਰੂ ਹੋ ਸਕੀ ਹੈ।

ਇਸ ਮੌਕੇ ਹੋਏ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਅੱਜ ਇਤਿਹਾਸਕ ਮੌਕਾ ਹੈ, ਜਦੋਂ ਅਸੀਂ ਪ੍ਰਾਈਵੇਟ ਟਰਾਂਸਪੋਰਟਰਾਂ ਦਾ ਏਕਾਧਿਕਾਰ ਬੰਦ ਕਰਕੇ ਪੰਜਾਬ ਦੇ ਲੋਕਾਂ ਨਾਲ ਇਕ ਹੋਰ ਵਾਅਦਾ ਪੂਰਾ ਕੀਤਾ ਹੈ।ਰਾਜ ਸਰਕਾਰ ਨੇ ਦਿੱਲੀ ਏਅਰਪੋਰਟ ਲਈ ਸਿਰਫ 1170 ਰੁਪਏ ਦੇ ਕਿਰਾਏ ਨਾਲ ਲਗਜ਼ਰੀ ਬੱਸ ਸੇਵਾ ਚਲਾਈ ਹੈ, ਜਿਸ ਨਾਲ ਨਿੱਜੀ ਟਰਾਂਸਪੋਰਟਰਾਂ ਵੱਲੋਂ ਕੀਤੀ ਜਾਂਦੀ ਲੋਕਾਂ ਦੀ ਲੁੱਟ ਖਤਮ ਹੋ ਜਾਵੇਗੀ। ਉਨ੍ਹਾ ਕਿਹਾ ਕਿ ਜਲੰਧਰ ਬੱਸਅੱਡੇ ਤੋਂ ਦਿੱਲੀ ਹਵਾਈ ਅੱਡੇ ਨੂੰ ਰੋਜ਼ 7 ਵੋਲਵੋ ਬੱਸਾਂ ਜਾਣਗੀਆਂ ਤੇਏਦਾਂ ਹੀ ਮੁਸਾਫਰਾਂ ਦੀ ਸਹੂਲਤ ਲਈ ਅੰਮ੍ਰਿਤਸਰ, ਪਠਾਨਕੋਟ, ਲੁਧਿਆਣਾ, ਹੁਸ਼ਿਆਰਪੁਰ, ਕਪੂਰਥਲਾ, ਪਟਿਆਲਾ ਤੇ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਨੂੰ ਅਜਿਹੀਆਂ ਬੱਸਾਂ ਜਾਣਗੀਆਂ।ਉਨ੍ਹਾ ਕਿਹਾ ਕਿ ਇਹ ਬੱਸਾਂ ਸਸਤੇ ਕਿਰਾਏ ਨਾਲ ਏਅਰਪੋਰਟ ਅਤੇ ਹੋਰ ਸਹੂਲਤਾਂ ਲਈ ਆਰਾਮਦਾਇਕ ਨਿਰਵਿਘਨ ਸਫਰ ਪੇਸ਼ ਕਰਨਗੀਆਂ।ਉਨ੍ਹਾਂ ਕਿਹਾ ਕਿ ਹਵਾਈ ਅੱਡੇਜਾਣ ਵਾਲੇ ਯਾਤਰੀ ਤਿੰਨ ਮਹੀਨੇ ਅਗੇਤੀ ਆਨਲਾਈਨ ਟਿਕਟ ਬੁੱਕ ਕਰ ਸਕਦੇ ਹਨ, ਜਦਕਿ ਬੱਸ ਸਟੈਂਡ ਦੇ ਕਾਊਂਟਰਾਂ ਉੱਤੇ ਟਿਕਟਾਂ ਛੇ ਮਹੀਨੇ ਪਹਿਲਾਂ ਬੁੱਕ ਕੀਤੀਆਂ ਜਾ ਸਕਣਗੀਆਂ।ਉਨ੍ਹਾ ਕਿਹਾ ਕਿ ਸਾਡੀ ਸਰਕਾਰ ਨੂੰ ਪੰਜਾਬ ਵਾਸੀਆਂ ਨੇ ਸੇਵਾ ਦਾ ਮੌਕਾ ਦਿੱਤਾ ਹੈ ਤਾਂ ਇਨ੍ਹਾਂ ਬੱਸਾਂ ਚੱਲਣ ਨਾਲ ਪੰਜਾਬ ਵਿਚ ਟਰਾਂਸਪੋਰਟ ਮਾਫੀਆ ਬੀਤੇ ਦੀ ਗੱਲ ਬਣਾ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਦੁੱਖ ਨਾਲ ਕਿਹਾ ਕਿ ਕਈ ਦਹਾਕਿਆਂ ਤੋਂ ਇਸ ਰੂਟ ਉੱਤੇ ਸਿਰਫ਼ ਨਿੱਜੀ ਟਰਾਂਸਪੋਰਟਰ ਬੱਸਾਂ ਚਲਾ ਰਹੇ ਸਨ ਤੇ ਵੱਧ ਕਿਰਾਏ ਲੈ ਕੇ ਲੋਕਾਂ ਦੀ ਲੁੱਟ ਕਰਦੇ ਹਨ। ਹਵਾਈ ਅੱਡੇ ਤੱਕ ਸਰਕਾਰੀ ਬੱਸਾਂ ਨਾ ਚੱਲਣ ਲਈ ਕਾਂਗਰਸ ਅਤੇ ਅਕਾਲੀ ਸਰਕਾਰਾਂ ਨੂੰ ਸਿੱਧੇ ਜ਼ਿੰਮੇਵਾਰ ਕਹਿ ਕੇਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਸੌੜੇ ਹਿੱਤ ਉਨ੍ਹਾਂ ਨੂੰ ਲੋਕਾਂ ਦੇ ਭਲੇ ਤੋਂ ਰੋਕਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਦੋਵਾਂ ਪਾਰਟੀਆਂ ਦੇ ਟਰਾਂਸਪੋਰਟਰਆਗੂ ਸਰਕਾਰੀ ਬੱਸਾਂ ਨੂੰ ਇਸ ਰੂਟ ਉੱਤੇ ਚੱਲਣਤੋਂ ਰੋਕ ਕੇ ਨਾਜਾਇਜ਼ ਪੈਸੇ ਕਮਾ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਲੋਕਾਂ ਦਾ ਪੈਸਾ ਬੇਰਹਿਮੀ ਨਾਲ ਲੁੱਟਿਆ ਤੇ ਸਾਬਕਾ ਮੁੱਖ ਮੰਤਰੀ, ਮੰਤਰੀ ਅਤੇ ਵਿਧਾਇਕ ਲੋਕਾਂ ਨੂੰ ਸਹੂਲਤਾਂ ਦੀ ਥਾਂ ਆਪਣੀਆਂ ਬੱਸਾਂ ਦੀ ਗਿਣਤੀ ਵਧਾਉਣਲੱਗੇ ਹੋਏ ਸਨ ਅਤੇ ਸਰਕਾਰ ਦੀ ਤਾਕਤ ਲੋਕਾਂ ਦੇ ਭਲੇ ਉੱਤੇ ਨਹੀਂ, ਸਗੋਂ ਟਰਾਂਸਪੋਰਟ ਮਾਫੀਆ ਦੇ ਲਾਭ ਲਈ ਵਰਤੀ ਗਈ ਸੀ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਮੌਕੇ ਪੰਜਾਬ ਨੂੰ ਗੈਂਗਸਟਰ ਮੁਕਤ ਬਣਾਉਣ ਦਾ ਵਾਅਦਾ ਕੀਤਾ ਤੇ ਕਿਹਾ ਕਿ ਗੈਂਗਸਟਰਵਾਦ ਅਕਾਲੀਆਂ ਤੇ ਕਾਂਗਰਸੀਆਂ ਦੀ ਸ਼ਹਿ ਤੋਂ ਪੈਦਾ ਹੋਇਆ ਹੈ, ਜਿਨ੍ਹਾਂ ਨੇ ਅਪਰਾਧੀਆਂ ਨੂੰ ਖੁੱਲ੍ਹੀਸੁਰੱਖਿਆਦਿੱਤੀ ਸੀ। ਕੇਜਰੀਵਾਲ ਨੇ ਕਿਹਾ ਕਿ ਇਨ੍ਹਾਂ ਗੈਂਗਸਟਰਾਂ ਦੀ ਸੁਰੱਖਿਆ ਖਤਮ ਹੋ ਗਈ ਹੈ ਅਤੇ ਇਹ ਛੇਤੀ ਸੀਖਾਂ ਪਿੱਛੇ ਹੋਣਗੇ।ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਪੰਜਾਬ ਲਈ ਅਹਿਮ ਹੈ,ਜਦੋਂ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਵੋਲਵੋ ਬੱਸਾਂ ਚੱਲਣ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਹੂਲਤ ਖਾਸ ਕਰਕੇ ਪ੍ਰਵਾਸੀ ਪੰਜਾਬੀਆਂ ਲਈ ਵਧੇਰੇ ਆਰਾਮਦਾਇਕ ਅਤੇ ਲਾਹੇਵੰਦ ਹੋਵੇਗੀ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਾਰਦਰਸ਼ੀ ਢੰਗ ਨਾਲ ਕੰਮ ਕਰਦੀਇਮਾਨਦਾਰ ਸਰਕਾਰ ਹੈ, ਜਿਸ ਨੇ ਕਈ ਲੋਕ ਪੱਖੀ ਪਹਿਲਕਦਮੀਆਂ ਨੂੰ ਲਾਗੂ ਕਰਨ ਦਾ ਰਾਹ ਸਾਫ ਕੀਤਾ ਅਤੇ ਹੋਰ ਅਗਲੇ ਕਦਮ ਚੁੱਕ ਰਹੀ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

## ਕੇਜਰੀਵਾਲ ਨੂੰ ਰਾਜਾ ਵੜਿੰਗ ਦਾ ਸਵਾਲ: ਏਅਰਪੋਰਟ ਲਈ ਪੰਜਾਬ ਦੀਆਂ ਬੱਸਾਂ ਪਹਿਲਾਂ ਕਿਉਂ ਨਹੀਂ ਸੀ ਚੱਲਣ ਦਿੱਤੀਆਂ



ਚੰਡੀਗੜ੍ਹ, 15 ਜੂਨ, (ਪੋਸਟ ਬਿਊਰੋ)- ਦਿੱਲੀ ਏਅਰਪੋਰਟ ਲਈ ਵੋਲਵੋ ਬੱਸਾਂ ਚਲਾਉਣ ਬਾਰੇ ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੁੱਛਿਆ ਹੈ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਦੀਆਂ ਬੱਸਾਂ ਨੂੰ ਦਿੱਲੀ ਏਅਰਪੋਰਟ ਤੱਕਜਾਣ ਦੀ ਖੁੱਲ੍ਹਪਹਿਲਾਂ ਕਿਉਂ ਨਾਦਿੱਤੀ।

ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਬਾਰੇ ਅੱਜ ਇੱਕ ਪੁਰਾਣੀ ਵੀਡੀਓ ਕਲਿੱਪ ਜਾਰੀ ਕੀਤੀ ਹੈ, ਜਦੋਂ ਉਹ ਖੁਦ ਪੰਜਾਬ ਦੇ ਟਰਾਂਸਪੋਰਟ ਮੰਤਰੀ ਵਜੋਂ ਅੰਮ੍ਰਿਤਸਰ ਵਿੱਚਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲੇ ਅਤੇ ਪੰਜਾਬ ਸਰਕਾਰ ਦੀਆਂ ਬੱਸਾਂ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦਿੱਲੀਤੱਕ ਜਾਣ ਦੀ ਇਜਾਜ਼ਤ ਦੀ ਅਪੀਲ ਕੀਤੀ ਸੀ।ਉਨ੍ਹਾ ਨੇ ਓਦੋਂ ਇਹ ਸੁਝਾਅ ਵੀਦਿੱਤਾ ਸੀ ਕਿ ਆਈਜੀਆਈ ਏਅਰਪੋਰਟ ਤੋਂ ਪੰਜਾਬ ਨੂੰਬੱਸਾਂ ਚਲਾ ਕੇ ਦਿੱਲੀ ਸਰਕਾਰ ਵੀ ਮੁਸਾਫਰਾਂ ਨੂੰ ਲਾਭ ਪੁਚਾ ਸਕਦੀ ਹੈ ਅਤੇ ਲੋਕਾਂ ਨੂੰ ਕੁਝ ਸ਼ਕਤੀਸ਼ਾਲੀ ਨਿੱਜੀ ਬੱਸਦੇ ਆਪਰੇਟਰਾਂ ਦੀ ਲੁੱਟ ਤੋਂ ਬਚਾ ਸਕਦੀ ਹੈ।ਉਨ੍ਹਾਂ ਕਿਹਾ ਕਿ ਉਦੋਂ ਕੇਜਰੀਵਾਲ ਸਹਿਮਤ ਹੋਏਸਨ, ਪਰ ਬਾਅਦ ਵਿੱਚ ਪਿੱਛੇ ਹਟ ਗਏ ਤੇ ਕਿਹਾ ਸੀ ਕਿ ਨਿਯਮ ਸਰਕਾਰੀ ਬੱਸਾਂ ਨੂੰ ਬੱਸ ਸਟੈਂਡ ਤੱਕਜਾਣ ਦੀ ਇਜਾਜ਼ਤ ਹੀ ਦਿੰਦੇ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਜੇ ਦਿੱਲੀ ਦੀ ਸਰਕਾਰ ਅੱਜਬੱਸਾਂ ਨੂੰ ਹਵਾਈ ਅੱਡੇ ਤੱਕ ਜਾਣ ਦੀ ਖੁੱਲ੍ਹ ਦੇ ਸਕਦੀ ਹੈ ਤਾਂ ਇਹ 6 ਮਹੀਨੇ ਪਹਿਲਾਂ ਵੀ ਦੇ ਸਕਦੀ ਸੀ, ਜਦੋਂ ਉਨ੍ਹਾਂ ਅਪੀਲ ਕੀਤੀ ਸੀ, ਪਰ ਓਦੋਂ ਅਰਵਿੰਦ ਕੇਜਰੀਵਾਲ ਆਮ ਪੰਜਾਬੀਆਂ ਦੀ ਕੀਮਤ ਉੱਤੇ ਕ੍ਰੈਡਿਟ ਲੈਣਾ ਚਾਹੁੰਦੇ ਸਨ। ਉਨ੍ਹਾਂ ਨੇਦਿੱਲੀ ਦੇ ਮੁੱਖ ਮੰਤਰੀ ਤੋਂ ਪੁੱਛਿਆ ਕਿ ਪਿਛਲੇ 6 ਮਹੀਨਿਆਂ ਵਿੱਚਪੰਜਾਬ ਦੀ ਸਰਕਾਰ ਹੀ ਬਦਲੀ ਹੈ, ਹੋਰ ਕੀ ਬਦਲ ਗਿਆ ਹੈ।

## ਨੈਸ਼ਨਲ ਸ਼ੂਟਰ ਸਿੱਪੀ ਸਿੱਧੂ ਕਤਲ ਕੇਸ ਵਿੱਚ ਸੱਤ ਸਾਲ ਬਾਅਦ ਹਾਈ ਕੋਰਟ ਦੇ ਜੱਜ ਦੀ ਧੀ ਗ੍ਰਿਫ਼ਤਾਰ

### * ਸਾਲ 2016 ਵਿਚ ਸੀ ਬੀ ਆਈ ਨੇ ਕੇਸ ਦਰਜ ਕੀਤਾ ਸੀ



ਚੰਡੀਗੜ੍ਹ, 15 ਜੂਨ, (ਪੋਸਟ ਬਿਊਰੋ)- ਭਾਰਤੀ ਜਾਂਚ ਏਜੰਸੀ ਸੀ ਬੀ ਆਈ ਨੇ ਨੈਸ਼ਨਲ ਪੱਧਰ ਦੇ ਸ਼ੂਟਰ ਅਤੇ ਵਕੀਲ ਸਿੱਪੀ ਸਿੱਧੂ ਦੇ ਕਤਲ ਕੇਸ ਵਿੱਚ ਹਾਈ ਕੋਰਟ ਦੇ ਜੱਜ ਦੀ ਧੀ ਨੂੰ ਗ੍ਰਿਫ਼ਤਾਰ ਕੀਤਾ ਹੈ।ਸੀ ਬੀ ਆਈ ਬੁਲਾਰੇ ਮੁਤਾ-ਬਕ ਦੋਸ਼ੀ ਨੂੰ ਬੁੱਧਵਾਰ ਚੰਡੀਗੜ੍ਹ ਦੇ ਸਪੈਸ਼ਲ ਜੁਡੀਸ਼ਲ ਮੈਜਿਸਟਰੇਟ ਅੱਗੇ ਪੇਸ਼ ਕੀਤਾ ਤਾਂ ਚਾਰ ਦਿਨਾ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ। ਗ੍ਰਿਫਤਾਰ ਮਹਿਲਾ ਕਲਿਆਣੀ ਸਿੰਘ ਇੱਕ ਕਾਲਜ ਵਿੱਚ ਪ੍ਰੋਫੈਸਰ ਦੱਸੀ ਗਈ ਹੈ। ...ਬਾਕੀ ਪੰਨਾ 4 'ਤੇ

NOW HIRING !!! | ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX | 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc. | www.ksgpestcontrol.ca | ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100
Late Evening and Weekends Appointments Available 1888 864 3131
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਨੰਬਰ: 647-784-1213


OURR
HOME & APPLIANCES
Deal Price
PRICE $6899 +TAX
Deal
OF THE WEEK
KitchenAid moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਪਾਗਲ ਮੀਡੀਆ ਪਬਲਿਕ ਵੀ ਕਰੂ ਪਾਗਲ,
ਲਾਰੈਂਸ, ਲਾਰੈਂਸ ਦੀ ਰੱਟ ਆ ਲਾਈ ਜਾਂਦਾ।
ਕਿੱਥੋਂ ਫੜਿਆ ਸੀ, ਕਿੱਥੇ ਹੈ ਪੁਲਸ ਲੈ ਗਈ,
ਸਾਰਾ ਕੁਝ ਨਾਲ ਦੀ ਨਾਲ ਦਿਖਲਾਈ ਜਾਂਦਾ।
ਕਿਹੜੀ ਕਿਸਮ ਦੀ ਕਾਰ ਵਿੱਚ ਪਿਆ ਜਾਵੇ,
ਕਾਰ ਦਾ ਨੰਬਰ ਤੇ ਕੱਲਰ ਸਮਝਾਈ ਜਾਂਦਾ।
ਪਾਗਲਪੁਣੇ ਵਿੱਚ ਕੀਤੀ ਪਈ ਸਿਰਫ ਓੜਕ,
ਬਰੇਕਿੰਗ ਨਿਊਜ਼ ਦਾ ਭੜਥੂ ਹੈ ਪਾਈ ਜਾਂਦਾ।
ਹਰ ਇੱਕ ਗੱਲ ਦੀ ਸੁਣਿਆ ਕੁਝ ਹੱਦ ਹੁੰਦੀ,
ਹਰ ਕੋਈ ਟੱਪ ਗਿਆ ਮੀਡੀਆ ਹੱਦ ਲੱਗਦਾ।
ਬਰੇਕਿੰਗ ਨਿਊਜ਼ ਦਾ ਮਸਲਾ ਬਣਾਵਣੇ ਲਈ,
ਅਪਰਾਧੀ ਧਾੜਾਂ ਨੂੰ ਰਿਹਾ ਉਹ ਸੱਦ ਲੱਗਦਾ।

**ਤੀਸ ਮਾਰ ਖਾਂ**

# ਸਿੱਧੂ ਮੂਸੇਵਾਲਾ ਕਤਲ ਕਾਂਡ: ਲਾਰੈਂਸ ਬਿਸ਼ਨੋਈ ਪੰਜਾਬ ਲਿਆਉਣ ਪਿੱਛੋਂ ਪੁੱਛਗਿੱਛ ਦੇ ਦੌਰ ਸ਼ੁਰੂ

### * ਹੁਸ਼ਿਆਰਪੁਰ ਤੋਂ ਗੈਂਗਸਟਰ ਗੋਲਡੀ ਬਰਾੜ ਦਾ ਜੀਜਾ ਵੀ ਫੜਿਆ

ਚੰਡੀਗੜ੍ਹ, 15 ਜੂਨ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂਮੂਸੇਵਾਲਾਦੇ ਕਤਲ ਕਾਂਡ ਵਿੱਚਨਵੇਂ ਖੁਲਾਸੇ ਹੋ ਰਹੇ ਹਨ।ਦਿੱਲੀ ਤੋਂ ਟਰਾਂਜ਼ਿਟ ਰਿਮਾਂਡ ਉੱਤੇ ਲਿਆਂਦੇ ਲਾਰੈਂਸ ਬਿਸ਼ਨੋਈ ਨੇ ਅੱਜ ਪੰਜਾਬ ਪੁਲਸ ਵੱਲੋਂ ਕੀਤੀ ਪੁੱਛਗਿੱਛਮੌਕੇਇਸ ਕੇਸਦੇ ਕਈ ਅਹਿਮ ਖੁਲਾਸੇ ਕੀਤੇ ਹਨ।ਉਸ ਨੇ ਇਸ ਕੇਸ ਵਿੱਚ ਗੈਂਗਸਟਰ ਗੋਰਾ ਦਾ ਨਾਂ ਲਿਆ ਅਤੇ ਇਸ ਤੋਂ ਬਾਅਦ ਪੁਲਸ ਗੋਰਾ ਨੂੰ ਹੁਸ਼ਿਆਰਪੁਰ ਤੋਂਗ੍ਰਿਫ਼ਤਾਰ ਕਰ ਲਿਆ ਹੈ।

ਗੈਂਗਸਟਰ ਗੋਰਾ ਕੈਨੇਡਾ ਵਿੱਚ ਬੈਠੇ ਗੈਂਗਸਟਰ ਗੋਲਡੀ ਬਰਾੜ ਦਾ ਜੀਜਾ ਹੈ ਤੇ ਇਸ ਕਤਲ ਵਿੱਚਉਹ ਸ਼ਾਮਲ ਮੰਨਿਆ ਜਾਂਦਾ ਹੈ। ਉਸ ਨੂੰ ਪੁੱਛਗਿੱਛ ਲਈ ਹੁਸ਼ਿਆਰਪੁਰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ਉੱਤੇਖਰੜ ਲਿਆਂਦਾ ਗਿਆ ਹੈ।ਇਸ ਦੌਰਾਨ ਹਥਿਆਰਾਂ ਬਾਰੇ ਪਤਾ ਲੱਗਾ ਹੈ ਕਿ ਇਹਦੋਸ਼ੀ ਸਿੱਧੂ ਮੂਸੇਵਾਲਾ ਦਾ ਕਤਲ ਕਰਨ ਲਈ ਹਥਿਆਰ ਆਪਣੇ ਨਾਲ ਨਹੀਂ ਲੈ ਕੇ ਗਏ, ਸਗੋਂ ਪੰਜਾਬ-ਹਰਿਆਣਾ ਬਾਰਡਰ ਨੇੜੇ ਮਿੱਟੀ ਵਿੱਚ ਦੱਬ ਗਏ ਸਨ।

ਵਰਨਣ ਯੋਗ ਹੈ ਕਿ ਦਿੱਲੀ ਅਦਾਲਤ ਤੋਂ ਟਰਾਂਜ਼ਿਟ ਰਿਮਾਂਡ ਉੱਤੇ ਲਿਆਉਣ ਪਿੱਛੋਂ ਲਾਰੈਂਸ ਬਿਸ਼ਨੋਈ ਨੂੰ ਰਾਤੋ ਰਾਤ ਮਾਨਸਾ ਲਿਆ ਕੇ ਬੁੱਧਵਾਰ ਤੜਕੇ ਚੀਫ ਜੁਡੀਸ਼ਲ ਮੈਜਿਸਟਰੇਟ ਅੱਗੇ ਪੇਸ਼ ਕੀਤਾ ਤਾਂ ਜੱਜ ਨੇ 7 ਦਿਨ ਦੇ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਹੈ। ਇਸ ਪਿੱਛੋਂ ਕਾਫੀ ਦੇਰ ਤੱਕ ਬਿਸ਼ਨੋਈ ਤੋਂ ਪੁੱਛਗਿੱਛਹੋਈਅਤੇ ਕਈ ਖੁਲਾਸੇ ਹੋਣ ਪਿੱਛੋਂ ਉਸ ਨੂੰ ਖਰੜ ਦੇ ਸੀ ਆਈ ਏ ਸਟਾਫ ਪੁਚਾ ਦਿੱਤਾ ਗਿਆ ਸੀ। ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਜਾਂਚ ਵਾਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੂੰ ਸਿੱਧੂਮੂਸੇਵਾਲਾ ਦੇ ਫੋਨ ਦੀ ਫਾਰੈਂਸਿਕ ਜਾਂਚ ਤੋਂ ਮਿਲੇ ਸੁਰਾਗਾਂ ਤੋਂ ਸਾਫ ਹੁੰਦਾ ਹੈ ਕਿ ਉਸ ਨੂੰ ਲਗਾਤਾਰ ਧਮਕਾਇਆ ਜਾ ਰਿਹਾ ਸੀ। ਇਸੇ ਦੀ ਪੁਸ਼ਟੀ ਗੈਂਗਸਟਰ ਲਾਰੈਂਸ ਬਿਸ਼ਨੋਈ ਤੋਂ ਕਰਨ ਦੇ ਨਾਲ ਪੁਲਸ ਉਸ ਦੇ ਜੇਲ੍ਹ ਵਿੱਚੋਂ ਗੈਂਗ ਮੈਂਬਰਾਂ ਤੋਂ ਸੂਚਨਾਵਾਂ ਲੈਣ, ਕਤਲ ਤੇ ਫਿਰੌਤੀ ਦੀਆਂ ਸਾਜ਼ਿਸ਼ਾਂ ਘੜਨ ਅਤੇ ਟਾਰਗੈੱਟ ਚੁਣਨ ਦੇ ਨਾਲ ਵਿਦੇਸ਼ ਵਿੱਚ ਗੋਲਡੀ ਬਰਾੜ ਵਰਗੇ ਮੈਂਬਰਾਂ ਨੂੰ ਸੂਚਨਾਵਾਂ ਪੁਚਾਉਣ ਦੇ ਨੈੱਟਵਰਕ ਦਾ ਪਤਾ ਲਾਵੇਗੀ ਤੇ ਸਿੱਧੂਮੂਸੇਵਾਲਾਕੇਸ ਵਿੱਚ ਸ਼ਾਮਲ ਸ਼ੂਟਰਾਂ ਦੀ ਜਾਣਕਾਰੀ ਲੈਣ ਦੇ ਯਤਨ ਕਰੇਗੀ ਤਾਂ ਜੋ ਦਿੱਲੀ ਪੁਲਸ ਤੇ ਮਹਾਰਾਸ਼ਟਰ ਪੁਲਸ ਵੱਲੋਂ ਕੀਤੀਆ ਗ੍ਰਿਫ਼ਤਾਰੀਆਂ ਅਤੇ ਦਾਅਵਿਆਂ ਨੂੰ ਇਸ ਕੇਸ ਨਾਲ ਜੋੜਿਆ ਜਾ ਸਕੇ।

ਇਸ ਦੌਰਾਨ ਅੱਜ ਬੁੱਧਵਾਰ ਸਵੇਰੇ ਪੰਜਾਬ ਪੁਲਿਸ ਦੀ ਟੀਮ ਗੈਂਗਸਟਰ ਲਾਰੈਂਸ ਬਿਸ਼ਨੋਈ ਖਰੜ ਲਿਆਈ ਅਤੇ ਸੀਆਈਏ ਦਫ਼ਤਰ ਵਿੱਚ ਕਰੀਬ ਢਾਈ ਘੰਟੇ ਉਸਦੇ ਮੁੱਖ ਸ਼ਾਰਪ ਸ਼ੂਟਰ ਮੋਨੂੰ ਡਾਗਰ ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੀ। ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਮਾਨਸਾ ਵਿੱਚਸਿੱਧੂਮੂਸੇਵਾਲਾ ਦੇ ਬਹੁਤ ਸਾਰੇ ਫੈਨ ਫਾਲੋਅਰ ਹਨ, ਜਿਨ੍ਹਾਂ ਤੋਂ ਲਾਰੈਂਸ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ। ਡੀਐੱਸ ਪੀ ਬਿਰਕਮਜੀਤ ਸਿੰਘ



ਬਰਾੜ, ਮਾਨਸਾ ਦੇ ਡੀਐੱਸ ਪੀ ਹੇਮੰਤ ਸ਼ਰਮਾ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਅਫਸਰਾਂ ਨੇ ਬਿਸ਼ਨੋਈ ਤੇ ਮੋਨੂੰ ਡਾਗਰ ਤੋਂ ਸਿੱਧੂਮੂਸੇਵਾਲਾ ਦੇ ਕਤਲ ਬਾਰੇ ਢਾਈ ਘੰਟੇ ਪੁੱਛਗਿੱਛ ਕੀਤੀ, ਪਰ ਦੋਵਾਂ ਨੇ ਸਵਾਲਾਂ ਦੇ ਗੋਲ-ਮੋਲ ਜਵਾਬ ਦਿੱਤੇ। ਮੋਨੂੰ ਡਾਗਰ ਦੇ ਸੀਆਈਏ ਖਰੜ ਵਿੱਚ ਹੋਣ ਦਾ ਕਿਸੇ ਨੂੰ ਪਤਾ ਨਹੀਂ ਸੀ। ਢਾਈ ਘੰਟੇ ਪੁੱਛਗਿੱਛ ਤੋਂ ਬਾਅਦ ਪੁਲਿਸ ਨੇ ਸੀਆਈਏ ਦੇ ਬਾਹਰ ਖੜੇ ਮੀਡੀਆ ਦਾ ਧਿਆਨ ਭਟਕਾਉਣ ਲਈ ਵਾਹਨ ਕਾਫ਼ਲਾ ਤਿੰਨ ਥਾਂਈਂ ਵੰਡ ਦਿੱਤਾ।ਬਿਸ਼ਨੋਈ ਨੂੰ ਜਿਸ ਬੁਲੇਟ ਪਰੂਫ ਗੱਡੀ ਵਿਚ ਲਿਆਂਦਾ ਸੀ, ਉਹ ਇਕੱਲੀ ਰਹਿ ਗਈ।ਪਤਾ ਲੱਗਾ ਹੈ ਕਿ ਕਾਫ਼ਲੇ ਵਿੱਚ 34 ਵਾਹਨ ਸਨ।ਸੀਆਈਏ ਤੋਂ ਗੱਡੀਆਂ ਦਾ ਕਾਫਲਾ ਮੋਨੂੰ ਡਾਗਰ ਨੂੰ ਕਾਰ ਵਿੱਚ ਬਿਠਾ ਕੇ ਭੇਜਿਆਤੇ ਅੱਗੇ ਚੱਲ ਕੇ ਤਿੰਨ ਥਾਂਈਂ ਹੋ ਕੇ ਗੱਡੀਆਂ ਵੱਖ-ਵੱਖ ਪਾਸਿਆਂ ਨੂੰ ਗਈਆਂ। ਮੋਨੂੰ ਡਾਗਰ ਨੂੰ ਵਾਲੀ ਗੱਡੀ ਵਿੱਚ ਲਾਰੈਂਸ ਬਿਸ਼ਨੋਈ ਦੇ ਹੋਣ ਦੀ ਚਰਚਾ ਫੈਲਾ ਕੇ ਮੀਡੀਆ ਦਾ ਧਿਆਨ ਵੰਡਿਆ ਗਿਆ। ਇਸ ਪਿੱਛੋਂ ਲਾਰੈਂਸ ਬਿਸ਼ਨੋਈ ਨੂੰ ਹੋਰ ਗੱਡੀਆਂ ਵਿੱਚ ਗੁਪਤ ਥਾਂ ਭੇਜ ਦਿੱਤਾ ਗਿਆ।

ਸੋਨੀਪਤ ਦੇ ਪਿੰਡ ਰੇਵਾਲੀ ਦਾ ਵਸਨੀਕ ਮੋਨੂੰ ਡਾਗਰ ਇਸ ਗੈਂਗ ਦਾ ਸ਼ਾਰਪ ਸ਼ੂਟਰ ਹੈਅਤੇ ਗੋਲਡੀ ਬਰਾੜ ਦੇ ਕਹੇ ਉੱਤੇ ਪ੍ਰਿਅਵਰਤ ਉਰਫ਼ ਫ਼ੌਜੀ ਤੇ ਕਈ ਸ਼ਾਰਪ ਸ਼ੂਟਰਓਸੇ ਨੇ ਇਕੱਠੇ ਕੀਤੇ ਸਨ। ਪ੍ਰਿਅਵਰਤ ਉਰਫ ਫੌਜੀ ਮੋਨੂੰ ਡਾਗਰ ਨਾਲ ਪਹਿਲਾਂ ਵੀ ਕਈ ਵਾਰਦਾਤਾਂ ਕਰ ਚੁੱਕਾ ਹੈ।ਸੂਤਰਾਂ ਮੁਤਾਬਕ ਪ੍ਰਿਆਵਰਤ ਉਰਫ ਫੌਜੀ ਤੇ ਅੰਕਿਤ ਸੇਰਸਾ ਨੇ ਮੂਸੇਵਾਲਾਦਾ ਕਤਲ ਇਸੇ ਦੇ ਇਸ਼ਾਰੇ ਉੱਤੇਕੀਤਾ ਸੀ।

ਓਧਰ ਹਰਿਆਣਾ ਪੁਲਸ ਦੀ ਇਕ ਟੀਮ ਨੇ ਮਹਾਰਾਸ਼ਟਰ ਦੇ ਪੁਣੇ ਵਿਚ ਮੂਸੇਵਾਲਾ ਕਤਲ ਦੇ ਦੋਸ਼ੀ ਸ਼ੂਟਰ ਸੰਤੋਸ਼ ਜਾਧਵ ਅਤੇ ਸਿੱਧੇਸ਼ ਕਾਂਬਲੇ ਉਰਫ ਮਹਾਕਾਲ ਕੋਲੋਂ ਬਦਨਾਮ ਗੈਂਗਸਟਰ ਵਿਕਰਮ ਬਰਾੜ ਬਾਰੇ ਪੁੱਛਗਿੱਛ ਕੀਤੀ ਹੈ, ਜੋ ਹਰਿਆਣਾ ਦੇ ਕਈ ਕੇਸਾਂ ਵਿੱਚ ਲੋੜੀਂਦਾ ਹੈ। ਬਰਾੜ, ਮਹਾਕਾਲ ਤੇ ਜਾਧਵ ਤਿੰਨੇ ਬਿਸ਼ਨੋਈ ਗੈਂਗ ਦੇ ਬੰਦੇ ਹਨ।ਉਨ੍ਹਾਂ ਨੇ ਦੱਸਿਆ ਕਿ ਉਹ ਇੰਟਰਨੈੱਟ ਰਾਹੀਂ ਗੋਲਡੀ ਬਰਾੜ ਨਾਲ ਗੱਲ ਕਰਦੇ ਸਨ, ਪਰ ਇਸ ਵਕਤ ਸੰਪਰਕ ਨਹੀਂ ਹੈ।

## ਝਗੜੇ ਮਗਰੋਂ ਗੋਲੀ ਮਾਰ ਕੇ ਦੁਕਾਨਦਾਰ ਦੀ ਹੱਤਿਆ

ਰਾਮਾਂ ਮੰਡੀ, 15 ਜੂਨ (ਪੋਸਟ ਬਿਊਰੋ)- ਸਥਾਨਕ ਮੰਡੀ ਦੀ ਸੁਪਰ ਮਾਰਕੀਟ ਵਿੱਚ ਦੋ ਦੁਕਾਨਦਾਰਾਂ ਦੇ ਆਪਸੀਝਗੜੇਵਿੱਚ ਚੱਲੀਆਂ ਗੋਲੀਆਂ ਕਾਰਨ ਇੱਕ ਨੌਜਵਾਨ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਇੱਕ ਜ਼ਖਮੀ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਪਿੰਡ ਸ਼ੇਖੂ ਦਾ ਨੌਜਵਾਨ ਗੁਰਪ੍ਰੀਤ ਸਿੰਘ ਦਰਜੀ ਅਤੇ ਰਾਮਾਂ ਮੰਡੀ ਦਾ ਸਤੀਸ਼ ਕੁਮਾਰ ਮੁਨਿਆਰੀ ਦਾ ਕੰਮ ਕਰਦਾ ਸੀ। ਇਨ੍ਹਾਂ ਦੋਵਾਂ ਦੀਆਂ ਦੁਕਾਨਾਂ ਨਾਲੋਂ ਨਾਲ ਹਨ। ਦੁਕਾਨਦਾਰਾਂ ਮੁਤਾਬਕ ਦੋਵਾਂ ਦਾ ਪਹਿਲਾਂ ਵੀ ਝਗੜਾ ਹੋਇਆ ਹੈ, ਪਰ ਦੁਕਾਨਦਾਰਾਂ ਨੇ ਸਮਝੌਤਾ ਕਰਵਾ ਦਿੱਤਾ ਸੀ। ਕੱਲ੍ਹ ਸਵੇਰੇ ਫਿਰ ਪਾਣੀ ਦੇ ਕੈਂਟਰ ਨੂੰ ਲੈ ਕੇ ਇਨ੍ਹਾਂ ਦਾ ਝਗੜਾ ਹੋ ਗਿਆ। ਇਸ ਦੌਰਾਨ ਸਤੀਸ਼ ਕੁਮਾਰ ਨੇ ਆਪਣੇ ਸਾਥੀਆਂ ਸਮੇਤ ਗੁਰਪ੍ਰੀਤ ਸਿੰਘ ਉੱਤੇ ਗੋਲੀਆਂ ਚਲਾ ਦਿੱਤੀਆਂ ਜਿਸ ਕਾਰਨ ਗੁਰਪ੍ਰੀਤ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ।

# ਨੈਸ਼ਨਲ ਸ਼ੂਟਰ ਸਿੱਪੀ ਸਿੱਧੂ ਕਤਲ ਕੇਸ ਵਿੱਚ ਸੱਤ ਸਾਲ ਬਾਅਦ ਹਾਈ ਕੋਰਟ ਦੇ ਜੱਜ ਦੀ ਧੀ ਗ੍ਰਿਫ਼ਤਾਰ

ਪੰਨਾ 1 ਦਾ ਬਾਕੀ

ਵਰਨਣ ਯੋਗ ਹੈ ਕਿ ਸੀ ਬੀ ਆਈ ਨੇ ਚੰਡੀਗੜ੍ਹ ਪ੍ਰਸ਼ਾਸਨ ਦੀ ਬੇਨਤੀ ਉੱਤੇ 13 ਅਪਰੈਲ 2016 ਨੂੰ ਸਿੱਪੀ ਸਿੱਧੂਦੇ ਕਤਲ ਬਾਰੇਪਹਿਲਾਕੇਸ ਦਰਜ ਕੀਤਾ ਸੀ।



ਦਸੰਬਰ 2021 ਵਿੱਚਸੀ ਬੀ ਆਈ ਨੇ ਚੰਡੀਗੜ੍ਹ ਵਿਚ ਕੌਮੀ ਪੱਧਰ ਦੇ ਨਿਸ਼ਾਨੇਬਾਜ਼ ਤੇ ਐਡਵੋਕੇਟ ਸੁਖਮਨਪ੍ਰੀਤ ਸਿੰਘ ਸਿੱਪੀ ਸਿੱਧੂ ਦੇ ਕਾਤਲਾਂ ਉੱਤੇ 5 ਲੱਖ ਤੋਂ 10 ਲੱਖ ਰੁਪਏ ਇਨਾਮ ਦਾ ਐਲਾਨਕੀਤਾ ਸੀ।ਸੁਖਮਨਪ੍ਰੀਤ ਸਿੰਘ ਸਿੱਪੀ ਸਿੱਧੂ ਦੀ ਲਾਸ਼ 20 ਸਤੰਬਰ 2015 ਦੀ ਰਾਤ ਕਰੀਬ 9 ਵਜੇ ਚੰਡੀਗੜ੍ਹ ਦੇ ਸੈਕਟਰ-27 ਦੇ ਪਾਰਕ ਤੋਂ ਮਿਲੀ ਸੀ।ਉਸ ਨੂੰ ਚਾਰ ਗੋਲੀਆਂ ਲੱਗੀਆਂ ਸਨ। ਚੰਡੀਗੜ੍ਹ ਪੁਲੀਸ ਦੋਸ਼ੀਆਂ ਨੂੰ ਫੜ ਨਹੀਂ ਸੀ ਸਕੀ। ਇਸ ਪਿੱਛੋਂ ਪੁਲੀਸ ਵਿਭਾਗ ਨੇ ਇਸ ਬਾਰੇ ਵਿਸ਼ੇਸ਼ ਜਾਂਚ ਟੀਮ (ਐੱਸ ਆਈਟੀ) ਬਣਾਈ।ਕੇਸਵਿੱਚ ਹਾਈ ਕੋਰਟ ਦੇ ਜੱਜ ਦੀ ਧੀ ਦੀ ਭੂਮਿਕਾ ਸ਼ੱਕੀ ਸੀ। ਕਾਤਲਾਂ ਦੇ ਸੁਰਾਗ ਨਾ ਮਿਲੇ ਤਾ ਕੇਸ ਸੀ ਬੀ ਆਈ ਨੂੰ ਟਰਾਂਸਫਰ ਕਰ ਦਿੱਤਾ ਗਿਆ ਅਤੇਸੀ ਬੀ ਆਈਦੋਸ਼ੀਆਂ ਨੂੰ ਫੜਨ ਨਹੀਂ ਸੀ ਸਕੀ। ਇਸ ਦੌਰਾਨ ਸੀ ਬੀ ਆਈ ਨੇ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਕਿਹਾ ਸੀ ਕਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ 20 ਸਤੰਬਰ 2015 ਰਾਤ ਇੱਕ ਔਰਤ ਮੌਕੇ ਉੱਤੇ ਸੀ। ਔਰਤ ਨੂੰ ਜਾਂਚ ਅਧਿਕਾਰੀ ਸਾਹਮਣੇ ਆਉਣ ਤੇ ਆਪਣੀ ਬੇਗੁਨਾਹੀ ਸਾਬਤ ਕਰਨ ਨੂੰਕਿਹਾ ਗਿਆ ਸੀ ਅਤੇ ਇਹ ਵੀ ਕਿ ਜੇ ਔਰਤ ਅੱਗੇ ਨਾ ਆਈ ਤਾਂ ਮੰਨਿਆ ਜਾਵੇਗਾ ਕਿ ਉਹ ਕਤਲ ਵਿੱਚ ਸ਼ਾਮਲ ਹੈ। ਇਸ ਨਾਲ ਸੀ ਬੀ ਆਈ ਨੇ ਇਸ ਕੇਸਵਿੱਚ ਸੁਰਾਗ ਦੇਣ ਵਾਲੇ ਨੂੰ 5 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਵੀ ਕੀਤਾ ਸੀ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011



TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਪਿਤਾ ਦਿਵਸ ’ਤੇ ਧਾਰਮਿਕ ਸਮਾਗਮ ਅਤੇ ਵਿਚਾਰ ਚਰਚਾ

(ਬਰੈਂਪਟਨ/ਬਾਸੀ ਹਰਚੰਦ) ਮੱਲ ਸਿੰਘ ਬਾਸੀ ਸੂਚਨਾ ਦਿੰਦੇ ਹਨ ਕਿ ਪਿਤਾਵਾਂ ਦੀ ਮਹੱਤਤਾ ਵਜੋਂ ਮਨਾਇਆ ਜਾਂਦਾ ਪਿਤਾ ਦਿਵਸ ( ਫਾਦਰ ਡੇ) ਦੀ ਕੜੀ ਵਜੋਂ 19 ਜੂਨ ਦਿਨ ਐਤਵਾਰ ਨੂੰ ਗੁਰਦੁਆਰਾ ਜੋਤ ਪਰਕਾਸ਼ ਵਿਖੇ 2-00 ਵਜੇ ਤੋਂ 5-00 ਵਜੇ ਤੱਕ ਧਾਰਮਿਕ ਸਮਾਗਮ ਹੋਵੇਗਾ। ਜਿਸ ਵਿਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਅਤੇ ਗੁਰੂਬਾਣੀ ਦਾ ਕੀਰਤਨ ਹੋਵੇਗਾ। ਇਸ ਤੋਂ ਬਾਅਦ ਕੁੱਝ ਬੁਲਾਰਿਆਂ ਦੇ ਭਾਸ਼ਨ ਅਤੇ ਕਵਿਤਾਵਾਂ ਪੜ੍ਹੀਆਂ ਜਾਣਗੀਆਂ । ਇਸ ਸਮਾਗਮ ਵਿੱਚ ਸਾਮਲ ਹੋਣ ਲਈ ਬਜੁਰਗਾਂ ਸਮੇਤ ਸੱਭ ਸੰਗਤ ਨੂੰ ਖੁੱਲਾ ਸੱਦਾ ਦਿਤਾ ਜਾਂਦਾ ਹੈ । ਅੰਤ ਵਿੱਚ ਗੁਰੂ ਕਾ ਲੰਗਰ ਅਤੁਟ ਵਰਤੇਗਾ। ਹੋਰ ਜਾਣਕਾਰੀ ਲਈ ਫੋਨ ਨੰਬਰ ਮੱਲ ਸਿੰਘ ਬਾਸੀ 437-980-7015

## ਤਾਂਸ ਦਾ ਟੂਰਨਾਮੈਂਟ 18 ਜੂਨ ਨੂੰ

Friends Club ਵਲੋਂ ਦੂਜਾ ਸੀਪ ਟੂਰਨਾਮੈਂਟ 18 ਜੂਨ ਦਿਨ ਸ਼ਨੀਵਾਰ ਨੂੰ Blue Oak Park Brampton ( 11 Sugarcane Ct ) ਵਿਖੇ ਧੂਮ ਧਾਮ ਨਾਲ ਕਰਵ-ਾਇਆ ਜਾ ਰਿਹਾ ਹੈ , ਐਂਟਰੀਆਂ 12.30 ਤੋਂ 1 ਵਜੇ ਤਕ ਪੈਣਗੀਆਂ , ਐਂਟਰੀ ਫੀਸ 10 ਡਾਲਰ ਹੋਵੇਗੀ , ਪਹਿਲਾ ਇਨਾਮ 700 ਡਾਲਰ ,ਦੂਜਾ 500, ਤੀਜਾ 300, ਚੌਥਾ 200 ਡਾਲਰ ਹੋਵੇਗਾ ਅਤੇ ਟਰਾਫੀਆਂ ਵੀ ਦਿਤੀਆਂ ਜਾਣਗੀਆਂ , ਲੰਗਰ ਦਾ ਖਾਸ ਪ੍ਰਬੰਧ ਹੋਵੇਗਾ , ਸਾਰੇ ਖਿਡਾਰੀ ਤਾਂਸ ਆਪਣੀ ਲੈ ਕੇ ਆਉਣ ਜੀ , ਹੋਰ ਜਾਣਕਾਰੀ ਲਈ ਗੁਰਜੀਤ 647 330 7400, ਗੋਲਡੀ 647 649 4584 ਪਿੰਦੀ 647 614 0664 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਦੋ ਸਾਲ ਦੇ ਅਰਸੇ ਬਾਅਦ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 'ਇੰਸਪੀਰੇਸ਼ਨਲ ਸਟੈੱਪਸ' 28 ਅਗਸਤ ਨੂੰ

ਬਰੈਂਪਟਨ, (ਡਾ. ਝੰਡ) - ਸਾਰੀ ਦੁਨੀਆਂ ਵਿਚ ਕਰੋਨਾ ਮਹਾਂਮਾਰੀ ਦੇ ਫ਼ੈਲਣ ਦੇ ਕਾਰਨ ਦੋ ਸਾਲ ਦੇ ਲੰਮੇਂ ਅਰਸੇ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 'ਇੰਸਪੀਰੇਸ਼ਨਲ ਸਟੈੱਪਸ' ਐਤਵਾਰ 28 ਅਗਸਤ ਨੂੰ ਕਰਵਾਈ ਜਾ ਰਹੀ ਹੈ ਅਤੇ ਇਸ ਦੇ ਲਈ ਰਜਿਸਟ੍ਰੇਸ਼ਨ ਆਰੰਭ ਹੋ ਗਈ ਹੈ। ਇਸ ਸਬੰਧੀ ਜਾਣਕਾਰੀ mail@ggscf.com ਜਾਂ 416-564-3939 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਜੂਨ ਮਹੀਨੇ ਦੇ ਅਖ਼ੀਰ ਤੱਕ ਰਜਿਸਟ੍ਰੇਸ਼ਨ ਕਰਵਾਉਣ ਵਾਲਿਆਂ ਲਈ ਰਜਿਸਟ੍ਰੇਸ਼ਨ ਫ਼ੀਸ 20 ਡਾਲਰ ਹੈ, ਜੁਲਾਈ ਵਿਚ ਇਹ 25 ਡਾਲਰ ਅਤੇ ਅਗਸਤ ਵਿਚ 30 ਡਾਲਰ ਹੋ ਜਾਵੇਗੀ। ਜੇਕਰ ਕਿਸੇ ਵਿਅੱਕਤੀ ਨੂੰ ਔਨ-ਲਾਈਨ ਰਜਿਸਟ੍ਰੇਸ਼ਨ ਕਰਵਾਉਣ ਵਿਚ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਪ੍ਰਬੰਧਕਾਂ ਨਾਲ ਇਸ ਦੇ ਬਾਰੇ ਫ਼ੋਨ ਜਾਂ ਈ-ਮੇਲ ਰਾਹੀਂ ਸੰਪਰਕ ਕਰ ਸਕਦਾ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਿਨ੍ਹਾਂ ਦੌੜਾਕਾਂ ਜਾਂ ਵਾੱਕਰਾਂ ਨੇ ਸਾਲ 2020 ਵਿਚ ਕਰੋਨਾ ਮਹਾਂਮਾਰੀ ਫੈਲ ਜਾਣ ਕਾਰਨ ਇਹ ਈਵੈਂਟ ਕੈਂਸਲ ਹੋਣ ਤੋਂ ਬਾਅਦ ਆਪਣੀ ਰਜਿਸਟ੍ਰੇਸ਼ਨ ਫ਼ੀਸ ਵਾਪਸ ਨਹੀਂ ਲਈ ਸੀ।, ਉਨ੍ਹਾਂ ਲਈ ਉਨ੍ਹਾਂ ਦੀ ਪੁਰਾਣੀ ਰਜਿਸਟ੍ਰੇਸ਼ਨ ਬਿਲਕੁਲ ਸਹੀ ਅਤੇ ਵਾਜਬ ਹੈ ਅਤੇ ਉਨ੍ਹਾਂ ਨੂੰ ਦੋਬਾਰਾ ਰਜਿਸਟ੍ਰੇਸ਼ਨ ਕਰਵਾਉਣ ਦੀ ਲੋੜ ਨਹੀਂ ਹੈ। ਇਸ ਸਬੰਧੀ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਈ-ਮੇਲ ਰਾਹੀਂ ਲੋੜੀਂਦੀ ਸੂਚਨਾ ਵੀ ਭੇਜ ਦਿੱਤੀ ਜਾਏਗੀ।



ਇਸ ਸਾਲ ਹੋਣ ਵਾਲੇ 'ਇੰਸਪੀਰੇਸ਼ਨਲ ਸਟੈੱਪਸ-2022' ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਦਾ ਅਰੰਭ ਅਤੇ ਸਮਾਪਤੀ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂਘਰ ਵਿਖੇ ਹੀ ਹੋਵੇਗੀ। ਇਸ ਮੈਰਾਥਨ ਦੌੜ ਦਾ ਮੁੱਖ-ਰੂਟ ਈਟੋਬੀਕੋਕ ਟਰੇਲ ਹੋਵੇਗਾ ਅਤੇ ਇਸ ਦੇ ਕੁਝ ਹਿੱਸੇ ਪੁਰਾਣੀਆਂ ਸੜਕਾਂ ਵਾਲੇ ਵੀ ਹੋਣਗੇ ਜਿਸ ਦੇ ਬਾਰੇ ਜਾਣਕਾਰੀ ਵਿਸਥਾਰ ਪੂਰਵਕ ਨਕਸ਼ੇ ਸਮੇਤ ਮੁਹੱਈਆ ਕੀਤੀ ਜਾਏਗੀ। ਰੂਟ ਦੀ ਇਹ ਤਬਦੀਲੀ ਫ਼ਿੰਚ ਐਵੀਨਿਊ 'ਤੇ ਹੋ ਰਹੀ ਉਸਾਰੀ ਦੇ ਕਾਰਨ ਕੀਤੀ ਗਈ ਹੈ, ਕਿਉਂਕਿ ਉੱਥੇ ਇਹ ਦੌੜ ਮੁਸ਼ਕਲਾਂ ਭਰਪੂਰ ਅਤੇ ਕਾਫ਼ੀ ਖ਼ਤਰਨਾਕ ਵੀ ਸਾਬਤ ਹੋ ਸਕਦੀ ਹੈ। ਇਸ ਮੈਰਾਥਨ ਦੀ ਦੂਸਰੀ ਵੱਡੀ ਤਬਦੀਲੀ ਇਹ ਹੈ ਕਿ ਸਮੇਂ ਦੀ ਕਿੱਲਤ ਕਾਰਨ ਪ੍ਰਬੰਧਕਾਂ ਵੱਲੋਂ ਇਸ ਵਾਰ ਦੌੜਾਕਾਂ ਨੂੰ ਟੀ-ਸ਼ਰਟਾਂ ਮੁਹੱਈਆ ਨਹੀਂ ਕੀਤੀਆਂ ਜਾ ਸਕਣਗੀਆਂ। ਉਂਜ ਵੀ ਇਸ ਦੌੜ ਵਿਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਦੌੜਾਕ ਵੱਖ-ਵੱਖ ਦੌੜ-ਕਲੱਬਾਂ ਅਤੇ ਅਜਿਹੇ ਖੇਡ-ਅਦਾਰਿਆਂ ਨਾਲ ਜੁੜੇ ਹੋਏ ਹਨ। ਉਹ ਆਪੋ-ਆਪਣੀਆਂ ਕਲੱਬਾਂ ਤੇ ਅਦਾਰਿਆਂ ਦੀਆਂ ਟੀ-ਸ਼ਰਟਾਂ ਜਾਂ ਮਨਮਰਜ਼ੀ ਦੀਆਂ ਹੋਰ ਟੀ-ਸ਼ਰਟਾਂ ਵੀ ਪਹਿਨ ਸਕਦੇ ਹਨ। ਦੌੜ ਦਾ ਇਹ ਰੂਟ ਹਾਫ਼-ਮੈਰਾਥਨ ਲਈ ਨਿਰਧਾਰਿਤ ਕੀਤਾ ਗਿਆ ਹੈ ਅਤੇ ਫੁੱਲ-ਮੈਰਾਥਨ ਦੌੜ ਲਗਾਉਣ ਵਾਲੇ ਦੌੜਾਕ ਏਸੇ ਰੂਟ ਉੱਪਰ ਹੀ ਦੋ ਚੱਕਰ ਲਗਾਉਣਗੇ। ਹੋ ਸਕਦਾ ਹੈ ਕਿ ਟਰੇਲ ਦਾ ਇਹ ਰੂਟ ਕਈ ਦੌੜਾਕਾਂ ਨੂੰ ਵਧੇਰੇ ਪਸੰਦ ਆਵੇ, ਕਿਉਂਕਿ ਸੜਕ ਦੇ ਕਿਨਾਰੇ ਦੌੜਨ ਦੀਆਂ ਆਪਣੀਆਂ ਹੀ ਕਈ ਦਿੱਕਤਾਂ ਹਨ। ਇਸ ਦੇ ਬਾਰੇ ਪ੍ਰਬੰਧਕਾਂ ਵੱਲੋਂ ਇਸ ਵਾਰ ਦੌੜਾਕਾਂ ਦੀ ਪ੍ਰਤੀਕਿਰਿਆ ਲਈ ਜਾਏਗੀ ਅਤੇ ਉਸ ਅਨੁਸਾਰ ਹੀ ਅੱਗੋਂ ਲਈ ਦੌੜ ਦੇ ਰੂਟ ਦੀ ਚੋਣ ਕੀਤੀ ਜਾਏਗੀ। ਹਵਾ ਵਿਚ ਨਮੀ ਹੋਣ ਕਾਰਨ ਅਗਸਤ ਮਹੀਨੇ ਵਿਚ ਗਰਮੀ ਹੋਰ ਵੀ ਵਧੇਰੇ ਹੋਣ ਦੀ ਸੰਭਾਵਨਾ ਹੈ। ਇਸ ਲਈ ਇਸ ਤੋਂ ਬਚਾਅ ਲਈ ਦੌੜਾਕਾਂ ਅਤੇ ਵਾੱਕਰਾਂ ਨੂੰ ਸਨ-ਸਕਰੀਨ ਦੀ ਵਰਤੋਂ ਕਰਨੀ ਪਵੇਗੀ। ਰਸਤੇ ਵਿਚ ਵਾਟਰ-ਸਟੇਸ਼ਨਾਂ 'ਤੇ ਪ੍ਰਬੰਧਕਾਂ ਵੱਲੋਂ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਜਾਏਗਾ। 'ਇੰਸਪੀਰੇਸ਼ਨਲ ਸਟੈੱਪਸ-2022 ਦੇ ਹੋਰ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਜਾਣਕਾਰੀ ਪ੍ਰਬੰਧਕਾਂ ਵੱਲੋਂ ਆਉਂਦੇ ਦਿਨਾਂ ਵਿਚ ਸਾਂਝੀ ਕੀਤੀ ਜਾਏਗੀ ਅਤੇ ਇਹ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੀ ਵੈੱਬਸਾਈਟ ਉੱਪਰ ਵੀ ਉਪਲੱਬਧ ਹੋਵੇਗੀ।

**ਰਜਿਸਟ੍ਰੇਸ਼ਨ ਆਨਲਾਈਨ, ਈ-ਮੇਲ ਜਾਂ ਫ਼ੋਨ 'ਤੇ ਵੀ ਕਰਵਾਈ ਜਾ ਸਕਦੀ ਹੈ**
















# ਟੀ.ਪੀ.ਏ.ਆਰ. ਕਲੱਬ ਵੱਲੋਂ 'ਜਸਵਿੰਦਰ ਵੜੈਚ ਯਾਦਗਾਰੀ ਰਨ-ਕਮ-ਵਾਕ' ਦਾ ਸਫ਼ਲ ਆਯੋਜਨ







## 100 ਦੇ ਕਰੀਬ ਦੌੜਾਕ ਅਤੇ ਵਾਕਰ ਹੋਏ ਸ਼ਾਮਲ

ਕੈਲੇਡਨ, (ਡਾ. ਝੰਡ) - ਆਪਣੇ ਵਿੱਛੜੇ ਸਾਥੀ ਜਸਵਿੰਦਰ ਸਿੰਘ ਵੜੈਚ ਉਰਫ਼ 'ਜੱਸੀ ਵੜੈਚ' ਜੋ ਪਿਛਲੇ ਸਾਲ 21 ਅਕਤੂਬਰ 2021 ਦੇ ਮਨਹੂਸ ਦਿਨ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਦੀ ਨਿੱਘੀ ਯਾਦ ਨੂੰ ਸਮੱਰਪਿਤ ਲੰਘੇ ਐਤਵਾਰ 12 ਜੂਨ ਨੂੰ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ', 'ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਅਤੇ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਸਾਂਝੇ ਤੌਰ 'ਤੇ ਕੈਲੇਡਨ ਟਰੇਲ 'ਤੇ (ਪੂਰਬ ਵਾਲੇ ਪਾਸੇ) 5 ਕਿਲੋਮੀਟਰ ਤੇ 10 ਕਿਲੋਮੀਟਰ ਰੱਨ-ਕਮ-ਵੱਕ ਦਾ ਸਫ਼ਲਤਾ ਪੂਰਵਕ ਆਯੋਜਨ ਕੀਤਾ ਗਿਆ। ਸਵੇਰੇ ਮੀਹ-ਕਣੀ ਵਾਲਾ ਮੌਸਮ ਹੋਣ ਦੇ ਬਾਵਜੂਦ ਕਲੱਬ ਦੇ ਲੱਗਭੱਗ 100 ਮੈਂਬਰ ਅਤੇ ਜਸਵਿੰਦਰ ਵੜੈਚ ਦੇ ਪਰਿਵਾਰ ਦੇ ਮੈਂਬਰ ਪੌਣੇ ਨੌਂ ਵਜੇ ਤੱਕ ਟਰੇਲ ਦੇ ਨੇੜੇ ਇਕ ਸ਼ੈੱਡ ਹੇਠਾਂ ਇਕੱਤਰ ਹੋ ਗਏ। ਉੱਥੇ ਪਰਿਵਾਰ ਦੇ ਮੈਂਬਰਾਂ ਵੱਲੋਂ ਖਾਣ-ਪੀਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਏਨੇ ਨੂੰ 'ਕੈਨੇਡੀਅਨ ਪੰਜਾਬੀ ਪੋਸਟ' ਅਖ਼ਬਾਰ ਦੇ ਮੁੱਖ-ਸੰਪਾਦਕ ਜਗਦੀਸ਼ ਸਿੰਘ ਗਰੇਵਾਲ ਆਪਣੇ ਸਪੁੱਤਰ ਹਰਦੀਪ ਸਿੰਘ ਗਰੇਵਾਲ ਓਨਟਾਰੀਓ ਸੂਬਾਈ ਚੋਣ ਵਿਚ ਬਰੈਂਪਟਨ ਈਸਟ ਹਲਕੇ ਤੋਂ ਐੱਮ.ਪੀ.ਪੀ. ਚੁਣੇ ਜਾਣ ਦੀ ਖ਼ੁਸ਼ੀ ਸਾਂਝੀ ਕਰਨ ਲਈ ਫ਼ਰੂਟ ਦੇ ਕਈ ਡੱਬੇ ਅਤੇ ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਦੇ ਸੰਚਾਲਕ ਪਰਮਜੀਤ ਸਿੰਘ ਢਿੱਲੋਂ ਕੌਫ਼ੀ ਦੀ ਵੱਡੀ ਸਾਰੀ ਕੇਤਲੀ ਲੈ ਕੇ ਉੱਥੇ ਪਹੁੰਚ ਗਏ।

ਚਾਹ-ਪਾਣੀ ਤੇ ਸਨੈਕਸ ਵਗ਼ੈਰਾ ਛਕਣ ਤੋਂ ਬਾਅਦ 'ਰੱਨ ਫ਼ਾਰ ਕਿੱਡਜ਼ ਐਜੂਕੇਸ਼ਨ' ਦੇ ਸੰਚਾਲਕ ਨਰਿੰਦਰਪਾਲ ਬੈਂਸ ਵੱਲੋਂ ਸਾਰੇ ਮੈਂਬਰਾਂ ਤੇ ਮਹਿਮਾਨਾਂ ਦਾ ਇਸ ਈਵੈਂਟ ਵਿਚ ਹਿੱਸਾ ਲੈਣ ਲਈ ਪਹੁੰਚਣ 'ਤੇ ਸੁਆਗ਼ਤ ਕੀਤਾ ਗਿਆ ਅਤੇ ਇਸ ਦੌੜ ਦੇ ਮਕਸਦ ਅਤੇ ਪ੍ਰੋਗਰਾਮ ਦੀ ਰੂਪ-ਰੇਖਾ ਦੱਸੀ ਗਈ। ਉਨ੍ਹਾਂ ਜਸਵਿੰਦਰ ਵੜੈਚ ਦੇ ਪਰਿਵਾਰ ਦੇ ਮੈਂਬਰਾਂ ਅਤੇ ਜਗਦੀਸ਼ ਗਰੇਵਾਲ ਦਾ ਪੌਸ਼ਟਿਕ ਬਰੇਕ-ਫ਼ਾਸਟ ਲਈ ਧੰਨਵਾਦ ਕੀਤਾ। ਇਸ ਮੌਕੇ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਪ੍ਰਧਾਨ ਹਰਭਜਨ ਸਿੰਘ ਗਿੱਲ, ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਪਰਿਵਾਰ ਦੇ ਮੈਂਬਰਾਂ ਨੂੰ ਜਸਵਿੰਦਰ ਵੜੈਚ ਦੀ ਤਸਵੀਰ ਵਾਲੀ ਖ਼ੂਬਸੂਰਤ ਪਲੈਕ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਵੜੈਚ ਸਾਹਿਬ ਦੀ ਬੇਟੀ ਸੁਪਿੰਦਰ ਵੜੈਚ ਨੇ ਇਹ ਦੌੜ ਤੇ ਵਾਕ ਉਨ੍ਹਾਂ ਦੇ ਪਿਤਾ ਜੀ ਨੂੰ ਸਮੱਰਪਿਤ ਕਰਨ ਲਈ ਟੀ.ਪੀ.ਏ.ਆਰ. ਕਲੱਬ ਦੀ ਸਮੁੱਚੀ ਮੈਨੇਜਮੈਂਟ ਤੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਾਪਾ ਕੁਦਰਤ ਦੇ ਬੜੇ ਪ੍ਰੇਮੀ ਸਨ। ਗਰਮੀਆਂ ਦੇ ਮੌਸਮ ਵਿਚ ਹਰੇਕ ਵੀਕ-ਐਂਡ 'ਤੇ ਉਹ ਸਾਈਕਲ ਲੈ ਕੇ ਕਿਸੇ ਨਾ ਕਿਸੇ ਟਰੇਲ 'ਤੇ ਸਾਈਕਲਿੰਗ ਲਈ ਨਿਕਲ ਪੈਂਦੇ ਸਨ ਅਤੇ ਉਨ੍ਹਾਂ ਦੇ ਇਸ ਸ਼ੌਕ ਸਦਕਾ ਹੀ ਉਨ੍ਹਾਂ ਦੀ ਟੀ.ਪੀ.ਏ.ਆਰ. ਕਲੱਬ ਨਾਲ ਨੇੜਤਾ ਹੋ ਗਈ। ਇਸ ਕਲੱਬ ਨੇ ਇਹ ਦੌੜ ਉਨ੍ਹਾਂ ਦੇ ਨਾਂ 'ਤੇ ਆਯੋਜਿਤ ਕਰਕੇ ਉਨ੍ਹਾਂ ਨੂੰ ਬਹੁਤ ਹੀ ਵਧੀਆ ਤਰ੍ਹਾਂ ਯਾਦ ਕੀਤਾ ਹੈ ਜਿਸ ਦੇ ਲਈ ਉਨ੍ਹਾਂ ਦਾ ਸਾਰਾ ਪਰਿਵਾਰ ਕਲੱਬ ਦਾ ਧੰਨਵਾਦੀ ਹੈ।

ਸਾਰੇ ਗਰੁੱਪ ਦੀ ਤੇ ਹੋਰ ਕਈ ਤਸਵੀਰਾਂ ਲੈਣ ਤੋਂ ਬਾਅਦ ਠੀਕ ਸਾਢੇ ਨੌਂ ਵਜੇ ਸਾਰੇ ਦੌੜਾਕ ਅਤੇ ਵਾੱਕਰ ਕੈਲੇਡਨ ਟਰੇਲ ਦੀ ਪੂਰਬ ਦਿਸ਼ਾ ਵੱਲ ਚੱਲ ਪਏ। ਇਨ੍ਹਾਂ ਵਿਚ ਚਾਰ ਸਾਈਕਲ-ਸਵਾਰ ਵੀ ਸ਼ਾਮਲ ਸਨ। ਹਰੇਕ ਨੇ ਆਪਣੀ ਵਿਤ ਅਨੁਸਾਰ 5 ਕਿਲੋਮੀਟਰ, 10 ਕਿਲੋਮੀਟਰ ਅਤੇ ਕਈਆਂ ਨੇ ਇਸ ਤੋਂ ਵਧੇਰੇ ਵੀ ਦੌੜ ਲਗਾਈ ਜਾਂ ਪੈਦਲ ਚੱਲੇ। ਸਾਢੇ ਗਿਆਰਾਂ ਵਜੇ ਦੇ ਕਰੀਬ ਸਾਰੇ ਵਾਪਸ ਸ਼ੈੱਡ ਹੇਠ ਆ ਗਏ ਜਿੱਥੇ 'ਕੰਟਰੀਸਾਈਡ ਸਬਵੇਅ' ਦੇ ਮਾਲਕ ਕੁਲਵੰਤ ਗਰੇਵਾਲ ਵੱਲੋਂ ਲਿਆਂਦੇ ਗਏ ਤਾਜ਼ੇ-ਤਾਜ਼ੇ ਵੈਜੀ ਤੇ ਨਾਨ-ਵੈੱਜ ਸਬ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ ਸਾਰਿਆਂ ਨੇ ਮਿਲ ਕੇ ਉਨ੍ਹਾਂ ਦਾ ਅਨੰਦ ਮਾਣਿਆਂ ਅਤੇ ਫ਼ਰੂਟ ਤੇ ਜੂਸ ਵਗ਼ੈਰਾ ਦਾ ਸੇਵਨ ਕੀਤਾ। ਏਨੇ ਨੂੰ ਬਰੈਂਪਟਨ ਦੇ ਵਾਰਡ ਨੰਬਰ 9 ਅਤੇ 10 ਦੇ ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ ਵੀ ਉੱਥੇ ਪਹੁੰਚ ਗਏ। ਸਾਰਿਆ ਵੱਲੋਂ ਉਨ੍ਹਾਂ ਦਾ ਉੱਥੇ ਆਉਣ 'ਤੇ ਭਰਵਾਂ ਸੁਆਗ਼ਤ ਕੀਤਾ ਗਿਆ ਕਿਉਂਕਿ ਉਹ ਟੀ.ਪੀ.ਏ.ਆਰ.ਕਲੱਬ ਦੀਆਂ ਸਰਗ਼ਰਮੀਆਂ ਵਿਚ ਚੋਖੀ ਦਿਲਚਸਪੀ ਰੱਖਦੇ ਹਨ। 11 ਅਕਤੂਬਰ 2021 ਨੂੰ ਅਮਰੀਕਾ ਦੇ ਸ਼ਹਿਰ ਬੋਸਟਨ ਵਿਚ ਹੋਈ ਵਿਸ਼ਵ-ਪੱਧਰੀ ਮੈਰਾਥਨ ਵਿਚ ਕਲੱਬ ਦੇ ਸਰਗ਼ਰਮ ਮੈਂਬਰ ਧਿਆਨ ਸਿੰਘ ਸੋਹਲ ਵੱਲੋਂ ਭਾਗ ਲੈਣ ਲਈ ਬਰੈਂਪਟਨ ਸਿਟੀ ਕੌਂਸਲ ਵੱਲੋਂ ਸਪਾਂਸਰ ਕਰਨ ਦਾ ਸ਼ੁਭ-ਕਦਮ ਗੁਰਪ੍ਰੀਤ ਢਿੱਲੋਂ ਹੁਰਾਂ ਵੱਲੋਂ ਹੀ ਉਠਾਇਆ ਗਿਆ ਸੀ ਅਤੇ ਹੁਣ 10 ਜੁਲਾਈ ਨੂੰ ਨਿਊਯੌਰਕ ਦੇ ਨੇੜੇ ਜੀਨੇਵਾ ਸ਼ਹਿਰ ਵਿਚ ਹੋਣ ਵਾਲੇ ਵੱਕਾਰੀ ਅੰਤਰ-ਰਾਸ਼ਟਰੀ 'ਹਾਫ਼-ਆਇਰਨਮੈਨ ਮੁਕਾਬਲੇ' ਵਿਚ ਭਾਗ ਲੈਣ ਜਾ ਰਹੇ ਕੁਲਦੀਪ ਗਰੇਵਾਲ ਅਤੇ ਹਰਜੀਤ ਸਿੰਘ ਨੂੰ ਵੀ ਸਿਟੀ ਕੌਂਸਲ ਵੱਲੋਂ ਸਪਾਂਸਰ ਕਰਵਾਉਣ ਦਾ ਸਿਹਰਾ ਵੀ ਉਨ੍ਹਾਂ ਨੂੰ ਹੀ ਜਾਂਦਾ ਹੈ।

ਇਸ ਦੌਰਾਨ ਨਰਿੰਦਰਪਾਲ ਬੈਂਸ ਵੱਲੋਂ 7 ਅਗਸਤ ਨੂੰ 'ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਵੱਲੋਂ ਬਿਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਕਰਵਾਈ ਜਾ ਰਹੀ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜ ਤੇ ਵਾੱਕ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇਸ ਦੇ ਨਾਲ ਹੀ 28 ਅਗਸਤ ਨੂੰ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਕਰਵਾਈ ਜਾ ਰਹੀ ਮੈਰਾਥਨ ਤੇ ਹਾਫ਼-ਮੈਰਾਥਨ 'ਇੰਸਪੀਰੇਸ਼ਨਲ ਸਟੈੱਪਸ-2022' ਬਾਰੇ ਜਾਣਕਾਰੀ ਪਰਮਜੀਤ ਸਿੰਘ ਢਿੱਲੋਂ ਵੱਲੋਂ ਸ਼ਾਂਝੀ ਕੀਤੀ ਗਈ। ਇਸ ਤਰ੍ਹਾਂ ਕਰੋਨਾ-ਕਾਲ ਦੇ ਦੋ ਸਾਲ ਤੋਂ ਵੀ ਵਧੀਕ ਦੁਖਦਾਈ ਸਮੇਂ ਤੋਂ ਛੁਟਕਾਰਾ ਪਾਉਣ ਤੋਂ ਬਾਅਦ ਟੀ.ਪੀ.ਏ.ਆਰ. ਕਲੱਬ ਵੱਲੋਂ ਜਸਵਿੰਦਰ ਸਿੰਘ ਵੜੈਚ ਦੀ ਯਾਦ ਵਿਚ ਕਰਵਾਇਆ ਗਿਆ ਦੌੜ ਤੇ ਵੱਕ ਦਾ ਇਹ ਸ਼ਾਨਦਾਰ ਈਵੈਂਟ ਯਾਦਗਾਰੀ ਹੋ ਨਿੱਬੜਿਆ। ਸ਼ਾਮ ਨੂੰ ਜੀ.ਟੀ.ਐੱਮ. ਦੇ ਕਰਤਾ-ਧਰਤਾ ਬਲਜਿੰਦਰ ਲੇਲਣਾ ਵੱਲੋਂ ਆਪਣੇ ਬੇਟੇ ਬਲਪ੍ਰੀਤ ਲੇਲਣਾ ਦੇ 8 ਅਪ੍ਰੈਲ ਨੂੰ ਹੋਏ ਵਿਆਹ ਦੀ ਖ਼ੁਸ਼ੀ ਦੋਸਤਾਂ ਨਾਲ ਸਾਂਝੀ ਕਰਨ ਲਈ 'ਹਾਈਲੈਂਡ ਆਟੋ ਰੀਪੇਅਰ ਸੈਂਟਰ' ਵਿਖੇ ਡਿਨਰ ਪਾਰਟੀ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਟੀ.ਪੀ.ਏ.ਆਰ ਕਲੱਬ ਦੇ ਕਈ ਮੈਂਬਰ ਸ਼ਾਮਲ ਹੋਏ।

# ਤਰਕਸ਼ੀਲ ਸੁਸਾਇਟੀ ਦੀ ਮੀਟਿੰਗ ਵਿਚ ਸਾਇੰਸ ਅਧਾਰਤ ਲੈਕਚਰ







ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਦੀ ਬੀਤੇ ਐਤਵਾਰ ਮਰੋਕ ਲਾਅ ਆਫਿਸ ਵਿਚ ਹੋਈ ਜਨਰਲ ਬਾਡੀ ਮੀਟਿੰਗ ਵਿਚ ਤਰਕਸ਼ੀਲ ਵਿਚਾਰਾਂ ਦੇ ਪਸਾਰ ਨੂੰ ਜਾਰੀ ਰਖਦੇ ਹੋਏ, ਡਾ ਬਲਜਿੰਦਰ ਸੇਖੋਂ ਨੇ ਬਲੱਡ ਪ੍ਰੈਸ਼ਰ ਬਾਰੇ ਅਤੇ ਬਲਵਿੰਦਰ ਬਰਨਾਲਾ ਨੇ ਮਾਨਸਿਕ ਰੋਗਾਂ ਬਾਰੇ ਲੈਕਚਰ ਦਿੱਤੇ ਅਤੇ ਬਾਅਦ ਵਿਚ ਇਨ੍ਹਾਂ ਵਿਸ਼ਿਆਂ ਤੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ।

ਡਾ ਬਲਜਿੰਦਰ ਸੇਖੋਂ ਨੇ ਅਪਣੇ ਲੈਕਚਰ ਵਿਚ ਬਲੱਡ ਪਰੈਸ਼ਰ ਦੇ ਵਿਸ਼ੇ ਤੇ ਸਾਇੰਸ ਅਧਾਰਤ ਜਾਣਕਾਰੀ ਦੇ ਨਾਲ ਨਾਲ ਅਪਣਾ ਨਿੱਜੀ ਤਜੱਰਬਾ ਸਾਂਝਾ ਕਰਦੇ ਹੋਏ ਕਿਹਾ ਕਿ ਆਮ ਡਾਕਟਰਾਂ ਵਲੋਂ ਖਾਸ ਕਰ ਪੰਜਾਬ ਵਿਚ ਕਿਸੇ ਨੂੰ ਬਲੱਡ ਪ੍ਰੈਸ਼ਰ ਦੀ ਦਵਾਈ ਸ਼ੁਰੂ ਕਰਨ ਵੇਲੇ ਕਹੇ ਸ਼ਬਦ ਕਿ ਇਸ ਨੂੰ ਰਹਿੰਦੀ ਉਮਰ ਤੱਕ ਖਾਣਾ ਹੀ ਖਾਣਾ ਹੈ, ਗਲਤ ਧਾਰਨਾ ਹੈ। ਬਲੱਡ ਪਰੈਸ਼ਰ ਨੂੰ ਬਹੁਕੌਮੀ ਕੰਪਨੀਆਂ ਅਪਣੇ ਮੁਨਾਫੇ ਖਾਤਰ ਉਮਰ ਭਰ ਦੀ ਬਿਮਾਰੀ ਦੱਸ ਕੇ ਕਰੋੜਾਂ ਡਾਲਰ ਕਮਾ ਰਹੀਆਂ ਹਨ। ਇਸ ਬਿਮਾਰੀ ਦਾ ਅਪਣੀ ਖੁਰਾਕ ਵਿਚ ਪੋਟਾਸ਼ੀਅਮ ਵਧਾ ਕੇ ਅਤੇ ਸੋਡੀਅਮ (ਆਮ ਲੂਣ) ਘਟਾ ਕੇ ਪੱਕਾ ਇਲਾਜ ਕੀਤਾ ਜਾ ਸਕਦਾ ਹੈ ਪਰ ਕਿਸੇ ਵੀ ਦਵਾਈ ਨੂੰ ਇੱਕ ਦਮ ਛਡਣਾ ਠੀਕ ਨਹੀਂ, ਇਹ ਹੌਲੀ ਹੌਲੀ ਅਪਣਾ ਬਲੱਡ ਪਰੈਸ਼ਰ ਮਿਣਦੇ ਹੋਏ ਛੱਡੀਆਂ ਜਾ ਸਕਦੀਆਂ ਹਨ। ਉਨ੍ਹਾਂ ਉਹ ਖਾਣ ਵਾਲੀਆਂ ਵਸਤਾਂ ਬਾਰੇ ਵੀ ਦੱਸਿਆ ਜਿਨ੍ਹਾਂ ਵਿਚ ਸੋਡੀਅਮ ਘੱਟ ਅਤੇ ਪੋਟਾਸ਼ੀਅਮ ਵੱਧ ਹੁੰਦਾ ਹੈ, ਜਿਵੇਂ ਕੇਲਾ, ਸੰਤਰਾ, ਐਵੋਕੈਡੋ, ਮੂੰਗਫਲੀ, ਖਜੂਰਾਂ,ਛੋਲੇ, ਰਾਜਮਾਂਹ ਆਦਿ। ਪਰ ਉਸ ਤੋਂ ਵੀ ਜਿਆਦਾ ਜਰੂਰੀ ਹੈ ਕਿ ਮਰੀਜ ਅਪਣੀਆਂ ਮਾਨਸਿੱਕ ਸੋਚਾਂ ਫਿਕਰਾਂ ਨੂੰ ਤਿਆਗੇ।

ਬਲਵਿੰਦਰ ਬਰਨਾਲਾ ਨੇ ਮਾਨਸਿਕ ਰੋਗਾਂ ਬਾਰੇ ਅਪਣੇ ਵਿਚਾਰ ਰੱਖਦਿਆਂ ਕਿਹਾ ਕਿ ਇਨ੍ਹਾਂ ਰੋਗਾਂ ਵਿਚ ਪ੍ਰਮੁੱਖ ਭੂਮਿਕਾ ਮਰੀਜ ਦਾ ਵਾਤਾਵਰਣ ਹੀ ਨਿਭਾਉਂਦਾ ਹੈ। ਜੇਕਰ ਕਿਸੇ ਦਾ ਪ੍ਰੀਵਾਰ ਸੁੱਖ ਸ਼ਾਂਤੀ ਵਿਚ ਜੀ ਰਿਹਾ ਹੈ ਤਾਂ ਆਮ ਤੌਰ ਤੇ ਇਹ ਮੁਸ਼ਕਿਲਾਂ ਨਹੀਂ ਆਉਂਦੀਆਂ ਪਰ ਜਦ ਪ੍ਰੀਵਾਰ ਵਿਚ ਤਣਾਓ ਆ ਜਾਵੇ ਤੱਦ ਹੀ ਕੁਝ ਵਿਅੱਕਤੀ ਇਨ੍ਹਾਂ ਕਠਿਨ ਸਥਿਤੀਆਂ ਦਾ ਟਾਕਰਾ ਨਹੀਂ ਕਰ ਸਕਦੇ ਅਤੇ ਮਾਨਸਿੱਕ ਰੋਗੀ ਬਣ ਜਾਂਦੇ ਹਨ। ਅਜਿਹੇਤਣਾਓ ਕਾਰਨ ਉਨ੍ਹਾਂ ਦੇ ਦਿਮਾਗ ਵਿਚਲੇ ਰਸਾਇਣਾਂ ਵਿਚ ਅਸੰਤੁਲਨ ਆ ਜਾਂਦਾ ਹੈ, ਜਿਸ ਨੂੰ ਠੀਕ ਕਰਨ ਵਿਚ ਕੁਝ ਦਵਾਈਆਂ ਵੀ ਸਹਾਇੱਕ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਠੀਕ ਤਰੀਕੇ ਨਾਲ, ਮਾਹਿਰ ਡਾਕਟਰ ਵਲੋਂ ਸਮੋਹਕ ਨੀਂਦ ਦੀ ਵਰਤੋਂ ਵੀ ਕਾਰਗਰ ਸਿੱਧ ਹੋ ਜਾਂਦੀ ਹੈ, ਪਰ ਕਿਸੇ ਅਣਜਾਣ ਵਲੋਂ ਇਸ ਦੀ ਵਰਤੋਂ ਨੁਕਸਾਨ ਵੀ ਕਰ ਸਕਦੀ ਹੈ। ਕਈ ਲੋਕ ਖੁਦ ਹੀ ਸਮੋਹਕ ਨੀਂਦ ਦੀ ਵਰਤੋਂ ਕਰਦਿਆ ਅਪਣੇ ਆਪ ਨੂੰ ਕਿਸੇ ਦੈਵੀ ਸ਼ਕਤੀ ਦਾ ਧਾਰਕ ਮੰਨ ਲੈਂਦੇ ਹਨ, ਇਹ ਵੀ ਖਤਰਨਾਕ ਸਿੱਧ ਹੋ ਸਕਦਾ ਹੈ।

ਮੀਟਿੰਗ ਵਿੱਚ ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ 10 ਜੁਲਾਈ ਨੂੰ ਕੀਤੇ ਜਾਣ ਵਾਲੇ ਵਿਸ਼ੇਸ਼ ਸੈਮੀਨਾਰ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ। ਇਸ ਪ੍ਰੋਗਰਾਮ ਵਿਚ ਰਜਿਦਰ ਭਦੌੜ, ਜਿਨ੍ਹਾਂ ਨੂੰ ਪੰਜਾਬ ਵਿਚ ਵਹਿਮਾਂ ਭਰਮਾਂ ਵਿਚ ਫਸੇ ਲੋਕਾਂ ਦੇ ਮਨਾਂ ਵਿਚੋਂ ਸਰਲ ਸਪੱਸ਼ਟ ਸ਼ਬਦਾਂ ਵਿਚ ਭਰਮ ਤੋੜਨ ਦਾ ਲੰਬਾ ਤਜਰਬਾ ਹੈ ਅਤੇ ਸੁਰਜੀਤ ਦੌਧਰ ਜੋ ਅਪਣੇ ਨਵੇਕਲੇ ਰੌਚਿਕ ਢੰਗ ਨਾਲ ਵੱਡੇ ਇਕੱਠਾਂ ਵਿਚ ਹੱਥ ਰੇਖਾਵਾਂ ਅਤੇ ਗ੍ਰਿਹਾਂ ਤੇ ਅਧਾਰਤ ਜੋਤਿਸ਼ ਦੇ ਦਾਵਿਆਂ ਨੂੰ ਝੁਠਲਾਉਂਦੇ ਰਹੇ ਹਨ ਅਪਣੇ ਵਿਚਾਰ ਰੱਖਣਗੇ ਅਤੇ ਨਾਲ ਹੀ ਰਾਮ ਕੁਮਾਰ ਜੀ ਦੀ ਭਦੌੜ ਮੰਡਲੀ ਵਲੋਂ ,ਜਿਸ ਦਾ ਪੰਜਾਬ ਦੇ ਗਾਣ ਵਜਾਣ ਦੇ ਗੰਧਲੇ, ਲੋਕਾਂ ਨੂੰ ਅਸਲ ਮੁਦਿਆਂ ਤੋਂ ਭਟਕਾਉਣ ਵਾਲੇ ਮਾਹੌਲ ਵਿਚ, ਲੋਕਾਂ ਦੀ ਜਿੰਦਗੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਰਚਨਾਵਾਂ ਲੋਕਾਂ ਵਿਚ ਸੰਗੀਤ ਨਾਲ ਲਿਜਾਣ ਦਾ ਲੰਬਾ ਤਜਰਬਾ ਹੈ, ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ।

ਪ੍ਰੋਗਰਾਮਾ ਬਾਰੇ ਹੋਰ ਜਾਣਕਾਰੀ ਲਈ, ਬਲਰਾਜ ਸ਼ੌਕਰ (647 679 4398) ਜਾਂ ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸੰਯੁਕਤ ਰਾਸ਼ਟਰ ਦੇ ਨਵ-ਨਿਯੁੱਕਤ ਡਿਜ਼ੀਟਲ ਸਫ਼ੀਰ - ਡਾ. ਅਮਨਦੀਪ ਸਿੰਘ ਗਿੱਲ



ਸਮੂਹ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਦੇ ਲਈ ਇਹ ਬਹੁਤ ਹੀ ਮਾਣ-ਭਰਪੂਰ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਦੇ ਮੁਖੀ ਅਤੇ ਸਕੱਤਰ-ਜਨਰਲ ਐਨਟੋਨੀਓ ਬੁਤਰਸ ਨੇ ਪੰਜਾਬੀ-ਮੂਲ ਦੇ ਸਾਇੰਸਦਾਨ-ਕੂਟਨੀਤਕ ਡਾ. ਅਮਨਦੀਪ ਸਿੰਘ ਗਿੱਲ ਨੂੰ ਆਪਣਾ ਤਕਨਾਲੋਜੀਕਲ-ਰਾਜਦੂਤ (ਐਨਵੁਆਇ ਔਨ ਤਕਨੌਲੋਜੀ) ਨਿਯੁੱਕਤ ਕੀਤਾ ਹੈ। ਡਾ. ਗਿੱਲ ਸੰਯੁਕਤ-ਰਾਸ਼ਟਰ ਮੁਖੀ ਦੇ ਡਿਜਿਟਲ ਕੌ-ਓਪਰੇਸ਼ਨ ਦੇ ਵਿਸ਼ਵ ਪ੍ਰੋਗਰਾਮਾਂ ਵਿੱਚ ਤਾਲਮੇਲ ਦੇ ਕੰਮਾਂ ਦੀ ਨਿਗਰਾਨੀ ਕਰਨਗੇ। ਅੱਜ ਜਦ ਸੰਸਾਰ ਆਰਟੀਫੀਸ਼ੀਅਲ ਇੰਟੈਲੀਜੈਂਸ, ਕੰਪਿਊਟਰਾਂ ਅਤੇ ਡਰੋਨਾਂ ਰਾਹੀਂ ਲੜੇ ਜਾਣ ਵਾ.ਲੇ ਨਿਊਕਲਾਈ ਮਹਾਂ-ਯੁੱਧ ਦੇ ਕਿਨਾਰੇ ’ਤੇ ਖੜ੍ਹਾ ਹੈ ਤਾਂ ਇਸ ਅਹੁਦੇ ਦੀ ਮਹਾਨਤਾ ਅਤੇ ਜ਼ਿੰਮੇਵਾਰੀ ਬਹੁਤ ਹੀ ਵੱਧ ਗਈ ਹੈ। ਖਾਸ ਕਿਸਮ ਦੇ ਇਸ ਉੱਚ-ਅਹੁਦੇ ਲਈ ਲੋੜੀਂਦੀਆਂ ਯੋਗਤਾਵਾਂ ਪੂਰੀਆਂ ਕਰਨ ਵਾ.ਲੇ ਉਹ ਸਾਰੇ ਸੰਸਾਰ ਦੇ ਚੋਣਵੇਂ ਵਿਗਿਆਨੀਆਂ ਵਿੱਚੋਂ ਹਨ ਜਿਹੜੇ ਖੁਦ ਇੱਕ ਪੇਸ਼ਾਵਰ ਕੂਟਨੀਤਕ ਵੀ ਹੋਣ। ਅਮਨਦੀਪ ਸਿੰਘ ਗਿੱਲ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ. ਟੈੱਕ. ਦੀ ਡਿਗਰੀ ਹਾਸਲ ਕੀਤੀ ਅਤੇ 1992 ’ਚ ਭਾਰਤੀ ਵਿਦੇਸ਼ ਸੇਵਾ (ਇੰਡੀਅਨ ਫੌਰਿਇਨ ਸਰਵਿਸ) ਵਿੱਚ ਦਾਖ਼ਲ ਹੋਏ। ਉਨ੍ਹਾਂ ਦਾ ਬਹੁਤਾ ਸੇਵਾ-ਕਾਲ ਸੰਯੁਕਤ-ਰਾਸ਼ਟਰ ਵਿੱਚ ਹੀ ਗੁਜਰਿਆ ਜਿਸ ਦੌਰਾਨ ਉਨ੍ਹਾਂ ਨੇ ਕਿੰਗਜ ਕਾਲਜ ਲੰਡਨ ਤੋਂ ਨਿਊਕਲੀਅਰ ਸਾਇੰਸ ਵਿੱਚ ਪੀ.ਐੱਚ.ਡੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਦੀ ਪੜ੍ਹਾਈ ਦੀਆਂ ਕਿਸਮਾਂ ਅਤੇ ਹੋਰ ਪ੍ਰਾਪਤੀਆਂ ਨੂੰ ਸਮਝਣਾ ਸਾਡੇ ਵਰਗਿਆਂ ਦੇ ਵੱਸ ਦੀ ਗੱਲ ਨਹੀਂ ਹੈ। ਇਸ ਸਬੰਧ ’ਚ ਸੰਯੁਕਤ ਰਾਸ਼ਟਰ ਵੱਲੋਂ ਉਨ੍ਹਾਂ ਦੀ ਨਿਯੁੱਕਤੀ ਵਕਤ ਜਾਰੀ ਕੀਤਾ ਬਿਆਨ ਪੜ੍ਹ ਲੈਣਾ ਹੀ ਕਾਫ਼ੀ ਹੋਵ-ੇਗਾ।

“ਵਿਸ਼ਵ ਦੇ ਚੋਟੀ ਦੇ ਡਿਜਿਟਲ ਤਕਨਾਲੋਜੀ ਮਾਹਿਰ ਹੋਣ ਸਦਕਾ ਉਹ ਇਸ ਅਹੁਦੇ ’ਤੇ ਆਪਣਾ ਵਿਸ਼ਾਲ ਅਤੇ ਬਹੁ-ਪੱਖੀ ਗਿਆਨ ਨਾ.ਲ ਲੈ ਕੇ ਆਏ ਹਨ। ਇਸ ਤੋਂ ਵੀ ਵੱਡੀ ਗੱਲ ਇਹ ਕਿ ਉਨ੍ਹਾਂ ਕੋ.ਲ ਤੇਜ਼ੀ ਨਾ.ਲ ਬਦਲ ਰਹੀ ਇਸ ਤਕਨਾਲੋਜੀ ਦੀ ਜ਼ਿੰਮੇਵਾਰਾਨਾ ਅਤੇ ਸਰਬ-ਸਾਂਝੀਵਾਲਤਾ ਨਾ.ਲ ਸਦ-ਵਰਤੋਂ ਕਰਨ ਦੀ ਸਟੀਕ ਸੂਝ ਅਤੇ ਸਹਿਜ-ਭਾਵਨਾ ਹੈ।”

ਆਪਣੇ ਖੇਤਰ ਵਿੱਚ ਉਨ੍ਹਾਂ ਨੂੰ ਭਵਿੱਖ ਦੇ ਮਿ. ਨਰਿੰਦਰ ਸਿੰਘ ਕਪਾਨੀ (ਫਾਈਬਰ ਔਪਟਿਕਸ ਵਾ.ਲੇ) ਕਿਹਾ ਜਾ ਸਕਦਾ ਹੈ।

- ਇੰਜ. ਈਸ਼ਰ ਸਿੰਘ
ਫ਼ੋਨ:647 640 2014

# ਭਾਰਤ ਵਿਚ ਮੋਦੀ ਦੇ ਲੋਕ-ਵਿਰੋਧੀ ਹਮਲੇ ਦਾ ਟਾਕਰਾ ਵਿਸ਼ਾਲ ਏਕਤਾ ਨਾਲ ਹੀ ਕੀਤਾ ਜਾ ਸਕਦੈ : ਕਾਮਰੇਡ ਪਾਸਲਾ





## ਕਿਸਾਨੀ ਸੰਕਟ ਨਾਲ ਨਜਿੱਠਣਾ ਸਮੇਂ ਦੀ ਲੋੜ ਹੈ : ਡਾ. ਗਿੱਲ



ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 12 ਜੂਨ ਨੂੰ ਬਰੈਂਪਟਨ ਦੇ ਕੈਸੀ ਕੈਂਬਲ ਕਮਿਊਨਿਟੀ ਸੈਂਟਰ ਵਿਚ ਪੰਜਾਬ ਹਿਤੈਸ਼ੀ ਗਰੁੱਪ ਵੱਲੋਂ ਰੈਵੋਲਿਊਸ਼ਨਰੀ ਮਾਰਕਸਿਸਟ ਪਾਰਟੀ ਆਫ਼ ਇੰਡੀਆ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਦੇ ਭਾਸ਼ਨ ਦਾ ਆਯੋਜਨ ਕੀਤਾ ਗਿਆ ਜਿਸ ਦਾ ਵਿਸ਼ਾ "ਭਾਰਤ ਦੀ ਵਰਤਮਾਨ ਸਥਿਤੀ ਅਤੇ ਖੱਬੀ ਧਿਰਦੀ ਭੂਮਿਕਾ" ਸੀ। ਸਰੋਤਿਆਂ ਨਾਲ ਕਾਮਰੇਡ ਪਾਸਲਾ ਦੀ ਜਾਣ-ਪਛਾਣ ਕਰਾਉਂਦਿਆਂ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਦੱਸਿਆ ਕਿ ਪੰਜਾਬ ਦੇ ਦੁਆਬਾ ਖ਼ੇਤਰ ਦੇ ਇਕ ਆਮ ਪਰਿਵਾਰ ਦੇ ਜੰਮ-ਪਲ ਪਾਸਲਾ ਇਕ ਹੋਣਹਾਰ ਤੇ ਸੂਝਵਾਨ ਵਿਦਿਆਰਥੀ ਸਨ ਅਤੇ ਉਹ ਆਪਣੇ ਕਾਲਜ ਦੇ ਦਿਨਾਂ ਵਿਚ ਹੀ ਖੱਬੇ-ਪੱਖੀ ਵਿਦਿਆਰਥੀ ਜੱਥੇਬੰਦੀ ਐੱਸ.ਐੱਫ਼.ਆਈ. ਨਾਲ ਜੁੜ ਗਏ ਅਤੇ ਫਿਰ ਮਜ਼ਦੂਰ ਜੱਥੇਬੰਦੀ 'ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼' ਦੇ ਕੁਲਵਰਤੀ ਆਗੂ ਵਜੋਂ ਵਿਚਰਦੇ ਹੋਏ ਇਸ ਦੇ ਸੂਬਾ ਸਕੱਤਰ ਬਣੇ। ਸਿਧਾਤਕ ਵੱਖਰੇਵਿਆਂ ਕਾਰਨ ਉਨ੍ਹਾਂ ਪਹਿਲਾਂ ਸੀ.ਪੀ.ਐੱਮ. ਅਤੇ ਫਿਰ ਆਰ.ਐੱਮ.ਪੀ.ਆਈ. ਦਾ ਗਠਨ ਕੀਤਾ।

ਕਾਮਰੇਡ ਪਾਸਲਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਭਾਰਤ ਦਾ ਆਰਥਿਕ ਸੰਕਟ ਦਿਨ-ਬਦਿਨ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ ਅਤੇ ਇਸ ਵੇਲੇ ਦੇਸ਼ ਵਿਚ ਨਾ ਕੇਵਲ ਖੱਬੀ ਧਿਰ ਦੀ ਮਜ਼ਬੂਤੀ ਦੀ ਜ਼ਰੂਰਤ ਹੈ, ਸਗੋਂ ਦੇਸ਼ ਦੇ ਜਮਹੂਰੀ ਅਤੇ ਸੈਕੂਲਰ ਲੋਕਾਂ ਦਾ ਏਕਾ ਸਮੇਂ ਦੀ ਲੋੜ ਹੈ। ਉਨ੍ਹਾਂ ਮੰਨਿਆ ਕਿ ਪਿਛਲੇ ਸਮੇਂ ਵਿਚ ਖੱਬੇ-ਪੱਖੀ ਧਿਰਾਂ ਕੋਲੋਂ ਕਈ ਗ਼ਲਤੀਆਂ ਹੋਈਆਂ ਹਨ, ਜਿਵੇਂ ਕਿ ਦਲਿਤਾਂ ਤੇ ਔਰਤਾਂ ਦੀ ਲਾਮਬੰਦੀ ਵਿਚ ਭਾਰੀ ਕੋਤਾਹੀ ਹੋਈ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਲੜੇ ਗਏ ਕਿਸਾਨੀ ਘੋਲ ਨੇ ਲੋਕਾਂ ਨੂੰ ਕਈ ਹਾਂ-ਪੱਖੀ ਸਬਕ ਦਿੱਤੇ ਹਨ। ਲੋਕਾਂ ਵਿਚ ਏਕਤਾ ਮਜ਼ਬੂਤ ਹੋਈ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਮੌਜੂਦਾ ਸਰਕਾਰ ਵੱਲੋਂ ਜਿਸ ਤਰ੍ਹਾਂ ਆਰਥਿਕ ਸੰਕਟ ਦਾ ਭਾਰ ਲੋਕਾਂ 'ਤੇ ਪਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਕਚੂਮਰ ਕੱਢਿਆ ਜਾ ਰਿਹਾ ਹੈ, ਲੋਕਾਂ ਦਾ ਏਕਾ ਸਮੇਂ ਦੀ ਬੜੀ ਵੱਡੀ ਲੋੜ ਬਣ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਇਸ ਦਸ਼ਾ ਵਿਚ ਯਤਨਸ਼ੀਲ ਹੈ ਅਤੇ ਇਸ ਦੇ ਸਾਰਥਿਕ ਸਿੱਟੇ ਨਿਕਲਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਉਨ੍ਹਾਂ ਪਰਵਾਸੀ ਵੀਰਾਂ-ਭੈਣਾਂ ਨੂੰ ਵੀ ਤਾਕੀਦ ਕੀਤੀ ਕਿ ਉਹ ਦੇਸ਼ ਦੀ ਖੱਬੀ ਧਿਰ ਨੂੰ ਇਸਦੇ ਲਈ ਅਪੀਲ ਕਰਨ।

ਇਸ ਮੌਕੇ ਵਿਸ਼ਵ-ਪ੍ਰਸਿੱਧ ਅਰਥ-ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਭਾਰਤ ਦੀ ਵਰਤਮਾਨ ਕਿਸਾਨੀ ਦੀ ਹਾਲਤ ਬਿਆਨ ਕਰਦੇ ਹੋਏ ਦੱਸਿਆ ਕਿ ਦੇਸ਼ ਦੇ 86% ਕਿਸਾਨਾਂ ਦੀ ਮਾਲਕੀ 10 ਏਕੜ ਤੋਂ ਘੱਟ ਹੈ ਅਤੇ ਖੇਤੀ ਇਸ ਸਮੇਂ ਲਾਹੇਵੰਦਾ ਧੰਦਾ ਨਹੀਂ ਹੈ, ਭਾਵ ਥੋੜ੍ਹੀ ਜ਼ਮੀਨ 'ਤੇ ਖੇਤੀ ਕਰਨ ਨਾਲ ਕਿਸਾਨ ਦਾ ਗੁਜ਼ਾਰਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਭਾਰਤ ਦੀ ਵਰਤਮਾਨ ਮੋਦੀ ਸਰਕਾਰ ਖੇਤੀ ਸੰਕਟ ਦਾ ਹੱਲ ਲੱਭਣ ਦੀ ਥਾਂ ਕਾਰਪੋਰੇਟ-ਪੱਖੀ ਨੀਤੀ ਅਪਨਾਅ ਕੇ ਦੇਸ਼ ਦਾ ਫ਼ਿਰਕਾਪ੍ਰਸਤ ਧਰੁੱਵੀਕਰਣ ਕਰ ਵਿਚ ਜੁੱਟੀ ਹੋਈ ਹੈ ਜਿਸਦਾ ਜੁਆਬ ਅਪਪਲੇ ਸਮੇਂ ਵਿਚ ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨ ਤੇ ਮਜ਼ਦੂਰ ਜੱਥੇਬੰਦੀਆਂ ਨੇ ਮਿਲ਼ ਕੇ ਬਾਖ਼ੂਬੀ ਦਿੱਤਾ ਹੈ ਅਤੇ ਅੱਗੋਂ ਵੀ ਇੰਜ ਹੀ ਮਿਲ਼ ਕੇ ਦਿੱਤਾ ਜਾ ਸਕਦਾ ਹੈ। ਇਸ ਮੌਕੇ ਐਡਮਿੰਟਨ ਤੋਂ ਐੱਨ.ਡੀ.ਪੀ. ਦੇ ਐੱਮ.ਐੱਲ.ਏ. ਜਸਵੀਰ ਦਿਓਲ ਨੇ ਵੀ ਆਪਣੇ ਕਈ ਤਜਰਬੇ ਹਾਜ਼ਰੀਨ ਨਾਲ ਸਾਂਝੇ ਕੀਤੇ। ਸਰੋਤਿਆਂ ਵੱਲੋਂ ਕੀਤੇ ਗਏ ਸੁਆਲਾਂ ਦੇ ਜਵਾਬ ਮੁੱਖ-ਵਕਤਾ ਕਾਮਰੇਡ ਪਾਸਲਾ ਵੱਲੋਂ ਤਸੱਲੀ ਪੂਰਵਕ ਦਿੱਤੇ ਗਏ। ਬਹੁਤੇ ਸੁਆਲਾਂ ਵਿਚ ਖੱਬੀ ਧਿਰ ਦੀ ਏਕਤਾ ਦੀ ਭਾਵਨਾ ਦੀ ਝਲਕ ਦਿਖਾਈ ਦੇ ਰਹੀ ਸੀ।

ਦੋ ਘੰਟੇ ਤੋਂ ਵਧੀਕ ਚੱਲੇ ਇਸ ਪ੍ਰੋਗਰਾਮ ਵਿਚ ਪੀ ਟੀ ਐੱਨ 24 ਦੇ ਜੱਸ ਬਰਾੜ ਤੇ ਜਗਸੀਰ ਸ਼ਰਮਾ, ਟੀ.ਵੀ. ਪੰਜਾਬੀ ਦੇ ਹਰਜੀਤ ਗਿੱਲ, 'ਰੇਡੀਓ ਨਗਾਰਾ' ਦੇ ਚਰਨਜੀਤ ਬਰਾੜ, ਔਰਤਾਂ ਦੀ ਕੌਮਾਂਤਰੀ ਜੱਥੇਬੰਦੀ 'ਦਿਸ਼ਾ' ਵੱਲੋਂ ਡਾ. ਕੰਵਲਜੀਤ ਢਿੱਲੋਂ, ਸੁਰਜੀਤ ਟੋਰਾਂਟੋ, ਸਰਬਜੀਤ ਕਾਹਲੋਂ, ਅਮਨ ਹੁੰਦਲ, ਬਲਵੀਰ ਕੌਰ ਮੱਲ੍ਹੀ, ਕਾਮਰੇਡ ਲਾਲ ਸਿੰਘ ਢਿੱਲੋਂ, ਲਾਲ ਸਿੰਘ ਬੈਂਸ, ਬਲਜੀਤ ਬੈਂਸ, ਗੁਰ-ਚਰਨ ਸਿੰਘ ਜਿਊਣਵਾਲਾ, ਪ੍ਰਿੰਸੀਪਲ ਸੁਖਚੈਨ ਸਿੰਘ , ਪ੍ਰੀਤਮ ਸਿੰਘ ਢੀਂਡਸਾ, ਵਕੀਲ ਸੁਖਵਿੰਦਰ ਸਿੰਘ ਕਾਹਲੋਂ, ਪ੍ਰਦੀਪ ਜੋਧਾਂ ਅਤੇ ਹੈਪੀ ਹਰਕੰਵਲ ਸਿੰਘ ਸਮੇਤ ਹੋਰ ਕਈ ਜਾਗਰੂਕ ਸ਼ਹਿਰੀ ਸ਼ਾਮਲ ਹੋਏ ਇਸ ਦੌਰਾਨ ਪ੍ਰਧਾਨਗੀ-ਮੰਡਲ ਵਿਚ ਕਾਮਰੇਡ ਮੰਗਤ ਰਾਮ ਪਾਸਲਾ, ਡਾ. ਸੁੱਚਾ ਸਿੰਘ ਗਿੱਲ, ਪ੍ਰੋ. ਜਗੀਰ ਸਿੰਘ ਕਾਹਲੋਂ ਅਤੇ ਜਸਵੀਰ ਦਿਓਲ ਸ਼ਾਮਲ ਸਨ। ਮੰਚ-ਸੰਚਾਲਨ ਦੀ ਭੂਮਿਕਾ ਹਰਿੰਦਰ ਹੁੰਦਲ ਵੱਲੋਂ ਬਾਖ਼ੂਬੀ ਨਿਭਾਈ ਗਈ। ਆਏ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਹਰਬੰਸ ਸਿੰਘ ਮੱਲ੍ਹੀ ਵੱਲੋਂ ਕੀਤਾ ਗਿਆ ਜੋ ਪ੍ਰਸਿੱਧ ਕਬੱਡੀ ਖਿਡਾਰੀ ਤੋਚੀ ਕਾਲ਼ਾ ਸੰਘਿਆ ਨੂੰ ਆਪਣੇ ਨਾਲ ਲਿਆਏ ਸਨ।

# ਕਾਰਗਰ ਖੇਤੀ ਸੁਧਾਰਾਂ ਨੂੰ ਪਹਿਲ ਮਿਲੇ

-ਗੁਰਦੀਪ ਸਿੰਘ ਢੁੱਡੀ

ਪਿਛਲ ਸਦੀ ਦੇ ਛੇਵੇਂ ਸੱਤਵੇਂ ਦਹਾਕੇ ਵਿੱਚ ਦੇਸ਼ ਦੀਆਂ ਖੁਰਾਕੀ ਲੋੜਾਂ ਦੀ ਪੂਰਤੀ ਲਈ ਖੇਤੀ ਵਿਗਿਆਨੀਆਂ ਨੇ ਨਵੇਂ ਬੀਜ ਖੋਜੇ। ਮਨੁੱਖਾਂ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਵਿੱਚ ਮਸ਼ੀਨਰੀ ਨੂੰ ਅਹਿਮ ਸਥਾਨ ਉੱਤੇ ਲਿਆਂਦਾ ਗਿਆ। ਕੀੜੇ ਨਾਲ ਫਸਲਾਂ ਦੇ ਹੋਣ ਵਾਲੇ ਨੁਕਸਾਨ ਤੋਂ ਬਚਾਓ ਲਈ ਕੀਟਨਾਸ਼ਕ ਬਣਾਏ, ਫਸਲਾਂ ਵਿੱਚ ਨਦੀਨਾਂ, ਉਲੀਨਾਸ਼ਕ ਬਣਾਏ। ਨਤੀਜੇ ਵਜੋਂ ਦੇਸ਼ ਦੇ ਕਿਸਾਨਾਂ, ਵਿਸ਼ੇਸ਼ ਕਰ ਕੇ ਪੰਜਾਬ ਦੇ ਕਿਸਾਨਾਂ ਨੇ ਕੁਝ ਹੀ ਸਾਲਾਂ ਵਿੱਚ ਫਸਲਾਂ ਦੇ ਝਾੜ ਵਿੱਚ ਚੋਖਾ ਵਾਧਾ ਕਰ ਕੇ ਦੇਸ਼ ਨੂੰ ਅੰਨ ਸੰਕਟ ਤੋਂ ਕੱਢਿਆ। ਇੱਥੇ ਹੋਰ ਵੱਡੀ ਤਬਦੀਲੀ ਆਈ, ਖੇਤੀ ਮਸ਼ੀਨਰੀ ਅਤੇ ਹੋਰ ਸਾਧਨਾਂ ਸਦਕਾਂ ਕਿਸਾਨ ਦਾ ਹੱਥੀਂ ਕੀਤਾ ਜਾਣ ਵਾਲਾ ਕੰਮ ਘਟਦਾ ਗਿਆ। ਇਸ ਦਾ ਦੂਜਾ ਪੱਖ ਇਹ ਸਾਹਮਣੇ ਆਇਆ ਕਿ ਖੇਤੀ ਪੈਦਾਵਾਰ ਦੀ ਲਾਗਤ ਵਧਦੀ ਗਈ, ਸਿੱਟੇ ਵਜੋਂ ਕਿਸਾਨ ਸਿਰ ਕਰਜ਼ਾ ਨਾ ਲੱਥਣ ਦੀ ਹਾਲਤ ਵੱਲ ਵਧਦਾ ਗਿਆ। ਇਸ ਤੋਂ ਅਗਲਾ ਪੱਖ ਇਹ ਦੇਖਿਆ ਗਿਆ ਕਿ ਰਸਾਇਣਕ ਖਾਦਾਂ ਦੀ ਵਰਤੋਂ ਸੌਖੀ ਸੀ, ਕਿਸਾਨਾਂ ਨੇ ਰੂੜੀ ਦੀ ਥਾਂ ਇਨ੍ਹਾਂ ਖਾਦਾਂ ਦੀ ਵਰਤੋਂ ਵਧਾ ਦਿੱਤੀ। ਇਸ ਕਰ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਗਈ। ਕਿਸਾਨ ਨੇ ਇਸ ਵਿੱਚ ਸੁਧਾਰ ਵਾਸਤੇ ਖੇਤੀ ਟੈਕਨੋਕ੍ਰੇਟਸ ਦੀ ਸਲਾਹ ਦੇ ਉਲਟ ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਆਦਿ ਦੀ ਵਰਤੋਂ ਇੰਨੀ ਵੱਡੀ ਸ਼ੁਰੂ ਕਰ ਦਿੱਤੀ ਕਿ ਉਸ ਦੀ ਜ਼ਮੀਨ ਦੇ ਨਾਲ ਵਾਤਾਵਰਣ ਵੀ ਪਲੀਤ ਹੋਣਾ ਸ਼ੁਰੂ ਹੋ ਗਿਆ।

ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਵੱਡੀ ਮਾਤਰਾ ਵਿੱਚ ਕੱਢਿਆ ਜਾਣ ਲੱਗਾ। ਮਾਹਰ ਧਰਤੀ ਹੇਠਲਾ ਪਾਣੀ ਬਹੁਤ ਜ਼ਿਆਦਾ ਘਟਣ ਦੀਆਂ ਚਿਤਾਵਨੀਆਂ ਦੇ ਰਹੇ ਹਨ, ਪਰ ਕਿਸਾਨ ਹੋਰ ਵੱਧ ਖਰਚ ਕਰ ਕੇ ਆਪਣੇ ਟਿਊਬਵੈਲ ਡੂੰਘੇ ਕਰ ਕੇ ਪਾਣੀ ਕੱਢ ਰਹੇ ਹਨ। ਝੋਨੇ ਦੀਆਂ ਕਿਸਮਾਂ ਵਿੱਚੋਂ ਵੱਧ ਝਾੜ ਵਾਲੀਆਂ ਕਿਸਮਾਂ ਦੀ ਖੇਤੀ ਕਰ ਕੇ ਇਸ ਦੀ ਪਰਾਲੀ ਨੂੰ ਸੰਭਾਲਣ ਵਾਸਤੇ ਖੇਤਾਂ ਵਿੱਚ ਅੱਗ ਲਾਈ ਜਾਣ ਲੱਗੀ। ਇਸ ਨਾਲ ਜਿੱਥੇ ਜ਼ਮੀਨ ਦੀ ਉਪਰਲੀ ਤਹਿ ਸੜ ਜਾਂਦੀ ਹੈ, ਉਥੇ ਜੀਵ ਜੰਤੂਆਂ ਅਤੇ ਦਰਖਤਾਂ ਦਾ ਘਾਣ ਹੁੰਦਾ ਹੈ।

ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਨੇ ਸਰਕਾਰੀ ਤੰਤਰ ਤੋਂ ਖਰਚਾ ਘਟਾਉਣ ਵਾਸਤੇ ਸਰਕਾਰੀ ਅਦਾਰਿਆਂ ਦਾ ਬੁਰਾ ਹਾਲ ਕਰ ਦਿੱਤਾ। ਖੇਤੀ ਟੈਕਨੋਕਰੇਟਸ ਦੀ ਭਰਤੀ ਦੀ ਥਾਂ ਡੰਗ ਟਪਾਈ ਕੀਤੀ ਜਾਣ ਲੱਗੀ। ਇਹ ਗੱਲ ਖੇਤੀਬਾੜੀ ਵਿਭਾਗ ਤੇ ਖੇਤੀਬਾੜੀ ਯੂਨੀਵਰਸਿਟੀ ਉੱਤੇਵੀ ਲਾਗੂ ਹੁੰਦੀ ਹੈ। ਖੇਤੀ ਵਿਕਾਸ ਅਫਸਰ ਦੀਆਂ ਪੋਸਟਾਂ ਖਾਲੀ ਹਨ ਅਤੇ ਖੇਤੀਬਾੜੀ ਯੂਨੀਵਰਸਿਟੀ ਵਿੱਚ ਖੋਜ ਕਾਰਜ ਸਿਮਟੇ ਹੋਇਆਂ ਵਾਂਗ ਹਨ। ਨਤੀਜੇ ਵਜੋਂ ਖੇਤੀ ਨਾਲ ਸੰਬੰਧਤ ਮਹਿਕਮਾ ਤੇ ਖੇਤੀਬਾੜੀ ਯੂਨੀਵਰਸਿਟੀ ਕਿਸਾਨਾਂ ਨੂੰ ਅਗਵਾਈ ਵਾਲੀਆਂ ਕਿਤਾਬਾਂ, ਰਸਾਲਿਆਂ ਅਤੇ ਅਖਬਾਰਾਂ ਤੱਕ ਸਿਮਟ ਕੇ ਦੇ ਰਹੇ ਹਨ। ਕਿਸਾਨਾਂ ਦੀ ਅਗਵਾਈ ਆੜ੍ਹਤੀਏ ਤੇ ਦੁਕਾਨਦਾਰ ਕਰਨ ਲੱਗੇ। ਦੇਖਣ ਵਿੱਚ ਆਉਂਦਾ ਹੈ ਕਿ ਕਿਸਾਨ, ਆੜ੍ਹਤੀਏ, ਦੁਕਾਨਦਾਰ ਕੋਲ ਆ ਕੇ ਫਸਲ ਦੀ ਬਿਮਾਰੀ ਦੱਸਦਾ ਹੈ ਅਤੇ ਦੁਕਾਨਦਾਰ ਅਜਿਹੀਆਂ ਦਵਾਈਆਂ ਵਰਤਣ ਦੀ ਸਲਾਹ ਦਿੰਦਾ ਹੈ, ਜਿਸ ਵਿੱਚ ਉਸ ਦਾ ਮੁਨਾਫਾ ਵਧੇਰੇ ਹੁੰਦਾ ਹੈ, ਭਾਵੇਂ ਇਸ ਵਿੱਚ ਕਿਸਾਨ ਦਾ ਆਰਥਿਕ ਨੁਕਸਾਨ ਹੀ ਹੋਵੇ।

ਹਾਕਮ ਅਤੇ ਸੱਤਾ ਤੋਂ ਬਾਹਰਲੀਆਂ ਧਿਰਾਂ ਮਿੱਟੀ, ਹਵਾ, ਪਾਣੀ ਪਲੀਤ ਹੋਣ ਵੱਲ ਧਿਆਨ ਦੇਣ ਦੀ ਥਾਂ ਵੋਟ ਬੈਂਕ ਦਾ ਧਿਆਨ ਵਧੇਰੇ ਰੱਖਦੀਆਂ ਹਨ। ਕਿਸਾਨੀ ਬਾਰੇ ਫੈਸਲੇ ਸਿਆਸੀ ਨਫਾ ਨੁਕਸਾਨ ਧਿਆਨ ਵਿੱਚ ਰੱਖ ਕੇ ਕੀਤੇ ਜਾਂਦੇ ਹਨ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਅਤੇ ਆਬੋ ਹਵਾ ਪਲੀਤ ਹੁੰਦੇ ਹਨ।



ਕਹਿਣ ਨੂੰ 23 ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਿਆ ਜਾਂਦਾ ਹੈ, ਹਕੀਕਤ ਵਿੱਚ ਕਣਕ ਅਤੇ ਝੋਨਾ ਹੀ ਇਸ ਮੁੱਲ ਉੱਤੇ ਖਰੀਦਿਆ ਜਾਂਦਾ ਹੈ, ਉਹ ਵੀ ਕੁਝ ਰਾਜਾਂ ਵਿੱਚ। ਇਸ ਦਾ ਨਤੀਜਾ ਇਹ ਹੈ ਕਿ ਕਿਸਾਨ ਕੇਵਲ ਦੋ ਫਸਲਾਂ ਪੈਦਾ ਕਰਦਾ ਹੈ। ਤੁਰੰਤ ਨਕਦੀ ਦੇਣ ਵਾਲੀਆਂ ਫਸਲਾਂ ਵਿੱਚੋਂ ਵਧੇਰੇ ਆਮਦਨੀ ਹੁੰਦੀ ਹੈ, ਪਰ ਇਸ ਦੀ ਵਿਕਰੀ ਨੂੰ ਵਪਾਰੀ ਵਰਗ ਦੀ ਮਰਜ਼ੀ ਉੱਤੇ ਛੱਡਣ ਸਦਕਾ ਕਿਸਾਨਾਂ ਨੂੰ ਇਨ੍ਹਾਂ ਫਸਲਾਂ ਦਾ ਪੂਰਾ ਮੁੱਲ ਵੀ ਨਹੀਂ ਮਿਲਦਾ। ਪੰਜਾਬ ਸਰਕਾਰ ਨੇ ਇਸ ਵਾਰੀ ਮੂੰਗੀ ਦੀ ਫਸਲ ਨੂੰ ਐੱਮ ਐੱਸ ਪੀ (ਘੱਟੋ-ਘੱਟ ਖਰੀਦ ਕੀਮਤ) ਉੱਤੇ ਖਰੀਦਣ ਦਾ ਐਲਾਨ ਕੀਤਾ ਹੈ ਅਤੇ ਕਿਸਾਨਾਂ ਨੇ ਵੱਡੇ ਰਕਬੇ ਵਿੱਚ ਇਹ ਫਸਲ ਬੀਜੀ ਹੈ। ਕਪਾਹ ਖਰੀਦਣ ਵਾਸਤੇ ਸਰਕਾਰੀ ਵਿਭਾਗ ਮੰਡੀ ਵਿੱਚ ਆਉਂਦਾ ਹੈ, ਪਰ ਦੇਖਣ ਵਿੱਚ ਆਉਂਦਾ ਹੈ ਕਿ ਇਹ ਮਹਿਕਮਾ ਆਮ ਤੌਰ ਉੱਤੇ ਅੱਧਾ ਸੀਜ਼ਨ ਲੰਘਣ ਤੋਂ ਬਾਅਦ ਆਉਂਦਾ ਹੈ। ਇਸੇ ਕਰ ਕੇ ਪੂਰਾ ਮੁੱਲ ਨਹੀਂ ਮਿਲਦਾ।

ਪੰਜਾਬ ਦੀਆਂ ਦੂਜੀਆਂ ਰਵਾਇਤੀ ਫਸਲਾਂ (ਬਾਜਰਾ, ਮੱਕੀ, ਛੋਲੇ ਆਦਿ) ਇਸੇ ਕਰ ਕੇ ਪੰਜਾਬ ਦੇ ਖੇਤਾਂ ਵਿੱਚੋਂ ਲੋਪ ਹੋ ਗਈਆਂ। ਇਨ੍ਹਾਂ ਦੇ ਬੀਜਾਂ ਦੀ ਖਰੀਦ ਸਮੇਂ ਆਮ ਤੌਰ ਉੱਤੇ ਕਿਸਾਨ ਦੀ ਲੁੱਟ ਹੁੰਦੀ ਹੈ। ਸਰਕਾਰ ਦੀ ਕਿਸਾਨ ਨੂੰ ਠੀਕ ਅਗਵਾਈ ਨਾ ਮਿਲਣਾ ਵੀ ਇਨ੍ਹਾਂ ਫਸਲਾਂ ਦੇ ਲੋਪ ਹੋਣ ਦਾ ਕਾਰਨ ਹੈ। ਖੇਤੀਬਾੜੀ ਵਿੱਚ ਸਭ ਤੋਂ ਵਧੇਰੇ ਦੋ ਵਿਭਾਗ ਸਹਾਈ ਹੋ ਸਕਦੇ ਹਨ। ਪਹਿਲਾ, ਖੇਤੀਬਾੜੀ ਵਿਭਾਗ ਅਤੇ ਦੂਜਾ ਕੋਆਪਰੇਟਿਵ ਵਿਭਾਗ। ਇਨ੍ਹਾਂ ਵਿਭਾਗਾਂ ਰਾਹੀਂ ਕਿਸਾਨਾਂ ਨੂੰ ਖਾਦਾਂ, ਸਪਰੇਅ ਅਤੇ ਸੰਦ ਦਿੱਤੇ ਜਾਣ ਤਾਂ ਬਾਜ਼ਾਰ ਦੀ ਲੁੱਟ ਕਿਸੇ ਹੱਦ ਤੱਕ ਘੱਟ ਸਕਦੀ ਹੈ। ਖੇਤੀਬਾੜੀ ਵਿਭਾਗ ਦੇ ਅਫਸਰ ਆਮ ਤੌਰ ਉੱਤੇ ਦਫਤਰਾਂ ਦੀਆਂ ਕੁਰਸੀਆਂ ਤੱਕ ਸਿਮਟ ਜਾਂਦੇ ਹਨ। ਕੋਆਪਰੇਟਿਵ ਵਿਭਾਗ ਨੂੰ ਓਨਾ ਚੁਸਤ ਨਹੀਂ ਕੀਤਾ ਗਿਆ। ਇਸ ਦੀਆਂ ਸੋਸਾਈਟੀਆਂਅਤੇ ਕੋਆਪਰੇ-ਟਿਵ ਬੈਂਕ ਪੰਜਾਬ ਸਰਕਾਰ ਦੇ ਅਦਾਰੇ ਹਨ ਅਤੇ ਇਨ੍ਹਾਂ ਵਿੱਚ ਓਨਾ ਕੰਮ ਨਹੀਂ ਹੁੰਦਾ, ਜਿੰਨਾ ਹੋਣਾ ਚਾਹੀਦਾ ਹੈ। ਕੋਆਪਰੇਟਿਵ ਖੇਤੀ ਦਾ ਮਾਡਲ ਹੈ, ਜਿਹੜਾ ਹਰੀ ਕ੍ਰਾਂਤੀ ਤੋਂ ਵੀ ਪਹਿਲਾਂ ਸੀ, ਪਰ ਇੱਥੇ ਸਰਕਾਰੀ ਅਣਗਹਿਲੀ ਨੇ ਇਸ ਨੂੰ ਸਫਲਤਾਪੂਰਵਕ ਕੰਮ ਨਹੀਂ ਕਰਨ ਦਿੱਤਾ ਹੈ। ਕਿਸਾਨ ਦੀ ਆਰਥਿਕ ਤੰਗੀ ਦਾ ਵੱਡਾ ਕਾਰਨ ਉਸ ਕੋਲ ਵਧੇਰੇ ਸੰਦ ਹੋਣਾ ਵੀ ਹੈ। ਦੋ ਢਾਈ ਏਕੜ ਵਾਲਾ ਕਿਸਾਨ ਵੀ ਸਾਧਰਾਨ ਸੰਦ ਤੋਂ ਲੈ ਕੇ ਵੱਡੇ ਟਰੈਕਟਰ ਤੱਕ ਰੱਖਣ ਵਿੱਚ ਸ਼ਾਨ ਸਮਝਦਾ ਹੈ। ਖੇਤੀ ਨਾਲ ਸੰਬੰਧਤ ਸੰਦਾਂ ਨੂੰ ਜੇ ਸਾਧਰਨ ਮੁਰੰਮਤ ਵਾਲੇ ਕਿਰਾਏ ਉੱਤੇਕੋਆਪਰੇਟਿਵ ਸੋਸਾਈਟੀਆਂ ਪੇਸ਼ ਕਰਨ ਤਾਂ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਵੱਧ ਬੋਝ ਵਾਲੀ ਨਾ ਬਣੇ। ਇਸੇ ਤਰ੍ਹਾਂ ਰੇਹਾਂ, ਸਪਰੇਆਂ ਆਦਿ ਜੇ ਖੇਤੀਬਾੜੀ ਵਿਭਾਗ ਅਤੇ ਕੋਆ-ਪਰੇਟਿਵ ਸੋਸਾਈਟੀਜ਼ ਤੋਂ ਠੀਕ ਲਾਗਤ ਮੁੱਲ ਉੱਤੇ ਅਤੇ ਕੇਵਲ ਲੋੜ ਅਨੁਸਾਰ ਵਰਤਣ ਦੀ ਸਲਾਹ ਮਿਲੇ ਤਾਂ ਕਿਸਾਨ ਦਾ ਖੇਤੀ ਤੇ ਲਾਗਤ ਖਰਚਾ ਘਟਾਇਆ ਜਾ ਸਕਦਾ ਹੈ, ਪਰ ਇਹ ਵਸਤੂਆਂ ਆਮ ਤੌਰ ਉੱਤੇ ਕਿਸਾਨ ਬਾਜ਼ਾਰ ਵਿੱਚੋਂ ਖਰੀਦਦਾ ਹੈ। ਇੱਥੇ ਉਸ ਨੂੰ ਕੀਮਤ ਵੀ ਵਧੇਰੇ ਤਾਰਨੀ ਪੈਂਦੀ ਹੈ ਅਤੇ ਖਰੀਦਣੀ ਵੀ ਲੋੜ ਨਾਲੋਂ ਵਧੇਰੇ ਹੁੰਦੀ ਹੈ।

ਜੇ ਸਰਕਾਰ ਸੱਚਮੁੱਚ ਖੇਤੀ ਨੂੰ ਸਹੀ ਲੀਹਾਂ ਉੱਤੇ ਲਿਆਉਣਾ ਚਾਹੁੰਦੀ ਹੈ ਤਾਂ ਪਹਿਲੀ ਤੇ ਅਖੀਰਲੀ ਲੋੜ ਖੇਤੀ ਦੀਆਂ ਅਗਵਾਈ ਲੀਹਾਂ ਨੂੰ ਰਸਤੇ ਉੱਤੇ ਲਿਆਉਣ ਦੀ ਹੈ। ਸਰਕਾਰੀ ਕੰਮਕਾਜ ਨੂੰ ਚੁਸਤ ਕਰਨਾ ਜ਼ਿੰਦਗੀ ਦੇ ਹਰ ਖੇਤਰ ਵਾਸਤੇ ਜ਼ਰੂਰੀ ਹੈ, ਪਰ ਕਿਉਂਕਿ ਪੰਜਾਬ ਦੀ ਖੇਤੀ ਇਸ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਇਸ ਲਈ ਇਸ ਨੂੰ ਬਚਾਉਣ ਵਾਸਤੇ ਸਰਕਾਰ ਨੂੰ ਇਸ ਪਾਸੇ ਵਧੇਰੇ ਧਿਆਨ ਦੇਣ ਦੀ ਲੋੜ ਹੈ। ਖੇਤੀ ਨਾਲ ਪੰਜਾਬ ਦੀ ਸਰੀਰਕ ਸਿਹਤ ਦੇ ਲਿਾਵਾ ਮਾਨਸਿਕ ਸਿਹਤ ਜੁੜੀ ਹੋਈ ਹੈ-ਇਸ ਲਈ ਇਹ ਹੋਰ ਜ਼ਰੂਰੀ ਹੈ ਕਿ ਖੇਤੀ ਨੂੰ ਬਚਾਉਣ ਲਈ ਸਹੀ ਅਗਵਾਈ ਲੀਹਾਂ ਲਿਆਂਦੀਆਂ ਜਾਣ। ਗੀਤਾਂ ਅਤੇ ਫਿਲਮਾਂ ਨੇ ਖੇਤੀ ਸਭਿਆਚਾਰ ਵਿੱਚ ਕੁਝ ਵਧੇਰੇ ਹੀ ਵਿਗਾੜ ਪੈਦਾ ਕੀਤਾ ਹੋਇਆ ਹੈ। ਇਸ ਲਈ ਇੱਥੇ ਵੀ ਹਕੀਕਤ ਸਾਹਮਣੇ ਲਿਆਉਣਾ ਚਾਹੀਦੀ ਹੈ।

# ਐਸਾ ਪੰਜਾਬ ਬਣਾਵਾਂਗਾ ਅੰਗਰੇਜ਼ ਵੀ ਇਥੇ ਨੋਕਰੀ ਕਰਨ ਆਉਣਗੇ-ਭਗਵੰਤ ਮਾਨ

ਅੱਜ ਤੱਕ ਹੋਏ ਰਾਜਸੀ ਲੋਕਾਂ ਨੇ ਕਦੀ ਪੰਜਾਬੀ ਸੂਬਾ ਅਤੇ ਕਦੀ ਇਹ ਖਾਲਿਸਤਾਨੀ ਲਹਿਰਾਂ ਚਲਾਕੇ ਪੰਜਾਬ ਦਾ ਜਿਹੜਾ ਕੁਝ ਵਿਗਾੜਨਾ ਸੀ ਵਿਗਾੜ ਬੈਠੇ ਹਨ ਅਤੇ ਅੱਜ ਅਗਰ ਕੋਈ ਇਹ ਆਖੇ ਕਿ ਫਿਰ ਉਹੀ ਆਜ਼ਾਦੀ ਤੋਂ ਬਾਅਦ ਬਣਿਆ ਪੰਜਾਬ ਆ ਜਾਵੇਗਾ, ਐਸਾ ਕੁਝ ਵੀ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਹਿੰਮਾਚਲ ਪ੍ਰਦੇਸ਼ ਅਤੇ ਹਰਿਆਣਾ ਬਾਹਰ ਹੋ ਗਏ ਹਨ ਅਤੇ ਟਕਨੀਕਲ ਮੁਦਿਆਂ ਨੂੰ ਸਾਹਮਣੇ ਰਖਕੇ ਇਹ ਸਾਡੀ ਰਾਜਧਾਨੀ ਚੰਡੀਗੜ੍ਹ ਵੀ ਚਲੀ ਗਈ ਹੈ। ਅਜ ਭਾਖੜਾ ਵੀ ਸਾਡੇ ਪਾਸ ਨਹੀਂ ਹੈ ਅਤੇ ਉਥੋਂ ਪਾਣੀ ਅਤੇ ਬਿਜਲੀ ਵੀ ਅਸੀਂ ਖਰੀਦਕੇ ਵਰਤਦੇ ਹਾਂ। ਸਾਥੋਂ ਪਹਾੜ ਜੰਗਲ ਅਤੇ ਖਣਿਜ ਪਦਾਰਥ ਵੀ ਖੋਹ ਲਿਤੇ ਗਏ ਹਨ।

ਅਸਾਂ ਇਹ ਵੀ ਦੇਖ ਲਿਆ ਹੈ ਕਿ ਪੰਜਾਬ ਵਿਚੋਂ ਵਡੀਆਂ ਉਦਯੋਗਿਕ ਇਕਾਈਆਂ ਵੀ ਖਾਲਿਸਤਾਨ ਅਤੇ ਅਤਵਾਦ ਦਾ ਡਰ ਪਾਕੇ ਉਠਾ ਦਿਤੀਆਂ ਗਈਆਂ ਹਨ ਅਤੇ ਇਹ ਜਿਹੜਾ ਵੀ ਪੰਜਾਬ ਅਜ ਬਾਕੀ ਹੈ ਇਹ ਇਕ ਪਿੰਡ ਜਿਹਾ ਹੈ ਜਿਥੇ ਹਰ ਸ਼ੈਅ ਹੋਰ ਸੂਬਿਆਂ ਵਿਚੋਂ ਮੰਗਾਕੇ ਵਤੀ ਜਾ ਰਹੀ ਹੈ। ਅਤੇ ਪੰਜਾਬ ਦਾ ਪੈਦਾ ਕੀਤਾ ਇਹ ਅਨਾਜ ਵੀ ਮਿਟੀ ਦੀ ਤਰ੍ਹਾਂ ਘਟ ਕੀਮਤਾ ਉਤੇ ਖਰੀਦਕੇ ਉਠਾ ਲਿਤਾ ਜਾ ਰਿਹਾ ਹੈ ਅਤੇ ਪੰਜਾਬ ਦਾ ਕਿਸਾਨ ਇਤਨਾ ਗਰੀਬ ਕਰਕੇ ਰਖਦਿਤਾ ਗਿਆ ਹੈ ਕਿ ਉਹ ਖੇਤੀ ਬਾੜੀ ਲਈ ਹੀ ਜਿਹੜੇ ਕਰਜ਼ੇ ਲੈਂਦਾ ਹੈ ਉਹ ਵਾਪਸ ਨਹੀਂ ਕਰ ਸਕਦਾ ਅਤੇ ਸ਼ਰਮ ਦਾ ਮਾਰਿਆ ਆਤਮਘਾਤ ਕਰ ਜਾਂਦਾ ਹੈ। ਅਸਾਂ ਇਹ ਵੀਦੇਖ ਲਿਆ ਹੈ ਕਿ ਪੰਜਾਬ ਵਿੱਚ ਅਜ ਰੁਜ਼ਗਾਰ ਨਹੀਂ ਹੈ ਅਤੇ ਪੰਜਾਬ ਦੇ ਬਹੁਤੇ ਨੌਜਵਾਨ ਅਜ ਬਾਹਰਲੇ ਦੇਸ਼ਾਂ ਵਲ ਭਜ ਰਹੇ ਹਨ।

ਇਹ ਵਾਲਾ ਪ੍ਰਧਾਨ ਮੰਤਰੀ ਵੀ ਸਿਖ ਭਾਈਚਾਰੇ ਦੀਆਂ ਸਿਫਤਾਂ ਕਰ ਰਿਹਾ ਹੈ ਅਤੇ ਭਾਜਪਾ ਵਾਲੇ ਵੀ ਚੋਣਾਂ ਤੋਂ ਪਹਿਲਾਂ ਇਹ ਆਖ ਰਹੇ ਸਨ ਕਿ ਉਹ ਨਵੇਂ ਪੰਜਾਬ ਦੀ ਸਿਰਜਨਾ ਕਰਨਗੇ। ਇਹ ਆਪ ਵਾਲੇ ਵੀ ਕੁਝ ਰਿਆਇਤਾਂ ਦੇਣ ਦਾ ਵਚਨ ਕਰਕੇ ਹੀ ਆ ਗਏ ਹਨ ਅਤੇ ਕੀ ਕੀ ਰਿਆਇਤਾ ਦੇਣਗੇ, ਕਿਵੇਂ ਦੇਣਗੇ ਅਤੇ ਪੈਸਾ ਕਿਥੋਂ ਆਵੇਗਾ, ਇਹ ਗਲਾਂ ਹਾਲਾਂ ਸਾਡੇ ਸਾਹਮਣੇ ਨਹੀਂ ਆਈਆਂ ਹਨ।

ਅਸਾਂ ਦੇਖ ਹੀ ਲਿਆ ਹੈ ਕਿ ਇਹ ਜਿਹੜਾ ਵੀ ਪੰਜਾਬ ਹੁਣ ਰਹਿ ਗਿਆ ਹੈ ਇਹ ਇਕ ਪਿੰਡ ਸਮਾਨ ਹੈ ਅਤੇ ਲੋਕਾਂ ਪਾਸ ਇਕ ਹੀ ਕਿਤਾ ਰਹਿ ਗਿਆਹੈ ਖੇਤੀਬਾੜੀ ਅਤੇ ਸਾਡੇ ਦੇਖਦਿਆਂਦੇਖਦਿਆਂ ਬਾਕੀ ਦੇ ਉਦਯੋ ਪੰਜਾਬ ਵਿੱਚੋਂ ਚਲੇ ਗਏ ਹਨ। ਇਸ ਲਈ ਹੁਣ ਅਤੇ ਅਗੋਂ ਦੀਆਂ ਸਰਕਾਰਾਂ ਅਗਰ ਚਾਹੁਣ ਕਿ ਪੰਜਾਬ ਇਸੇ ਤਰ੍ਹਾਂ ਹੀ ਚਲਦਾ ਰਖਿਆ ਜਾਵੇ ਤਾਂ ਇਹ ਪੰਜਾਬ ਬਿਲਕੁਲ ਹੀਤਬਾਹ ਹੋਕੇ ਰਹਿ ਜਾਵੇਗਾ। ਇਸ ਲਈ ਵਕਤ ਆ ਗਿਆ ਹੈ ਕਿ ਅਸੀਂ ਇਹ ਖੇਤੀਬਾੜੀ ਵਾਲਾ ਜਿਹੜਾ ਧੰਦਾ ਸਾਡੇ ਪਾਸ ਹੈ ਇਸਨੂੰ ਤੁਰੰਤ ਉਦਯੋਗ ਵਿੱਚ ਬਦਲ ਦਈਏ ਅਤੇ ਵਡੇ ਫਾਰਮ ਬਣਾਕੇ ਬਾਕਾਇਦਾ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋਂ ਕਰਕੇ ਖੂਬ ਅਨਾਜ ਪੈਦਾ ਕਰੀਏ। ਖੂਬ ਸਬਜ਼ੀਆਂ ਪੈਦਾ ਕਰੀਏ। ਅਸੀਂ ਵਡੀਆਂ ਸਹਿਕਾਰਤਾ ਸਮਿਤੀਆਂ ਖੜੀਆ ਕਰ ਦਈਏ ਅਤੇ ਪੰਜਾਬ ਦ ਲੋਕੀਂ ਜ਼ਮੀਨ ਦੀ ਮਾਲਕੀ ਛਡਣ ਲਈ ਤਿਆਰ ਨਹੀਂ ਹਨ ਇਸ ਲਈ ਸਾਰੀ ਜ਼ਮੀਨ ਸਹਿਕਾਰਤਾ ਸਮਿਤੀਆਂ ਅਧੀਨ ਆ ਜਾਵੇ, ਪਰ ਮਾਲ ਵਿਭਾਗ ਵਿੱਚ ਲੋਕਾਂ ਦੀਆਂ ਮਾਲਕੀਆਂ ਕਾਇਮ ਰਖੀਆਂ ਜਾਣ ਅਤੇ ਜਦ ਕਦੀ ਵੀ ਕੋਈ ਜ਼ਮੀਨ ਵੇਚਣਾ ਚਾਹੇ ਤਾਂ ਵੇਚ ਵੀ ਸਕੇ ਅਤੇ ਅਗਰ ਕਰਜ਼ਾ ਲੈਂਦਾ ਹੈ ਤਾਂ ਗਹਿਣੇ ਵੀ ਰਖੀ ਜਾ ਸਕੇ ਅਤੇ ਐਸੀਆਂ ਹਾਲਤਾਂ ਵਿੱਚ ਰਿਕਾਰਡ ਵਿੱਚ ਜਿਸ ਕਿਸੇ ਦੇ ਨਾਮ ਵੀ ਜ਼ਮੀਨ ਚੜ੍ਹ ਜਾਵੇ ਉਹ ਸਹਿਕਾਰਤਾ ਸਮਿਤੀ ਵਿੱਚ ਹਿਸੇਦਾਰ ਬਣਾਇਆ ਜਾ ਸਕਦਾ ਹੈ।

ਆਓ ਵਿਚਾਰ ਕਰੀਏ

ਅਸੀਂ ਖੇਤੀਬਾੜੀ ਸਿਰਫ ਖਾਨਦਾਨੀ ਧੰਦਾ ਸਮਝ ਕੇ ਨਹੀਂ ਚਲਾਉਣੀ ਬਲਕਿ ਇਹ ਉਦਯੋਗਿਕ ਇਕਾਈਆਂ ਦੀ ਤਰ੍ਹਾਂ ਚਲਾਈਆਂ ਜਾਣ ਅਤੇ ਪੂਰੀ ਤਰ੍ਹਾਂ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋ ਕਰਕੇ ਪੈਦਾਵਾਰ ਵਧਾਈ ਜਾਵੇ। ਅਤੇ ਅਨਾਜ ਅਤੇ ਸਬਜ਼ੀਆਂ ਦੁਧ ਆਦਿ ਵੀ ਵਿਉਪਾਰਕਿ ਆਧਾਰ ਉਤੇ ਹੋ ਜਾਣ। ਅਸੀਂ ਸਹਿਕਾਰਤਾ ਸਮਿਤੀਆਂ ਨੂੰ ਵਡੀਆਂ ਡੇਅਰੀਆਂ ਖੜੀਆਂ ਕਰਨ ਲਈ ਵੀ ਮਜ਼ਬੂਰ ਕਰ ਸਕਦੇ ਹਾਂ। ਅਸੀਂ ਕੈਟਲ ਬਰੀਡਿੰਗ ਫਾਰਮ ਵੀ ਖੜੇ ਕਰ ਸਕਦੇ ਹਾਂ। ਸਾਨੂੰ ਸੂਰ ਅਤੇ ਬਕਰੀਆਂ ਪਾਲਣ ਦੇ ਵਡੇ ਫਾਰਮ ਵੀ ਖੜੇ ਕਰਨੇ ਹਨ ਅਤੇ ਇਸੇ। ਤਰ੍ਹਾਂ ਅਸੀਂ ਮੁਰਗੀਆਂ ਪਾਲਣ ਅਤੇ ਅੰਡਿਆਂ ਮੀਟ ਦੇ ਖੇਤਰ ਵਿੱਚ ਵੀ ਪੈਰ ਰਖ ਸਕਦੇ ਹਾਂ।

ਅਸੀਂ ਸਾਰੇ ਭਾਰਤ ਲਈ ਖਾਣ ਪੀਣ ਦਾ ਸਾਰਾ ਸਾਮਾਨ ਤਿਆਰ ਕਰ ਸਕਦੇ ਹਾਂ ਅਤੇ ਇਸ ਪੰਜਾਬ ਵਿੱਚ ਵਡੀਆਂ ਫੈਕਟਰੀਆਂ ਲਗਾਕੇ ਅਨਾਜ ਦੀ ਹਰ ਤਰ੍ਹਾਂ ਦੀ ਪ੍ਰੋਸੈਸਿੰਗ ਕਰਨ ਦੀਆਂ ਇਕਾਈਆਂ ਖੜੀਆਂ ਕਰ ਦਿਤੀਆਂ ਜਾਣ ਤਾਂਕਿ ਇਕ ਦਾਣਾ ਵੀ ਇਸ ਹੀ ਹਾਲਤ ਵਿੱਚ ਪੰਜਾਬ ਤੋਂ ਬਾਹਰ ਨਾ ਜਾਵੇ। ਅਸੀਂ ਅਨਾਜ ਨੂੰ ਕਈ ਰੂਪਾਂ ਵਿੱਚ ਬਦਲ ਸਕਦੇ ਹਾਂ ਅਤੇ ਖਾਣਯੋਗ ਬਣਾ ਸਕਦੇ ਹਾਂ ਅਤੇ ਇਹ ਘਰ ਘਰ ਰੋਟੀ ਬਨਾਉਣ ਦਾ ਸਿਲਸਿਲਾ ਵੀ ਬਦਲ ਸਕਦੇ ਹਾਂ। ਬਹੁਤ ਸਾਰੇ ਯੋਰਪੀ ਮੁਲਕਾਂ ਵਿੱਚ ਖਾਣਾ ਗਰਮ ਕਰਕੇ ਹੀ ਖਾਇਆ ਜਾ ਰਿਹਾ ਹੈ ਇਹੀ ਸਿਲਸਿਲਾ ਅਸੀਂ ਭਾਰਤ ਵਿੱਚ ਵੀ ਖੜਾ ਕਰ ਸਕਦੇ ਹਾਂ ਅਤੇ ਇਸ ਵਕਤ ਪੰਜਾਬ ਦੀ ਨਵੀਂ ਸਰਕਾਰ ਨੂੰ ਮੋਕਾ ਮਿਲ ਗਿਆ ਹੈ ਕਿ ਉਹ ਇਸ ਪਾਸੇ ਧਿਆਨ ਦੇਵੇ। ਇਹ ਖੇਤੀਬਾੜੀ ਅਤੇ ਇਹ ਸਹਾਇਕ ਧੰਦੇ ਖੜੇ ਕਰਕੇ ਵਡੇ ਉਦਯੋਗਾਂ ਦਾ ਰੂਪ ਦੇ ਦਿਤਾ ਜਾਵੇ।

ਸਾਡੇ ਪਾਸ ਸਬਜ਼ੀਆਂ ਹਨ ਅਤੇ ਕਈ ਕਿਸਮ ਦੇ ਫਲ ਵੀ ਹਨ ਅਤੇ ਇਹ ਸਾਰਾ ਕੁਝ ਬਦਲਕੇ ਪੈਕ ਕੀਤਾ ਜਾ ਸਕਦਾ ਹੈ। ਸਾਡੇ ਪੰਜਾਬ ਦਾ ਖਾਣਾ ਸਾਰੇ ਭਾਰਤ ਵਿੱਚ ਮਸਹੂਰ ਹੈ ਅਤੇ ਅਗਰ ਅਸੀਂ ਕਾਰਖਾਨੇਲਗਾਕੇ ਇਹ ਖਾਣਾ ਤਿਆਰ ਕਰਨ ਲਗਜਾਈਏ ਤਾਂ ਸਾਰਾ ਭਾਰਤ ਸਾਡੇ ਖਾਣੇ ਦੀ ਝਾਕ ਵਿੱਚ ਆ ਜਾਵੇਗਾ।

ਖੇਤੀਬਾੜੀ ਨਾਲ ਸਬੰਧਿਤ ਹੋਰ ਕਿਤਨੇ ਹੀ ਕੰਮ ਹਨ। ਇਹ ਤੂੜੀ ਵੀ ਡੰਗਰਾਂ ਦੀ ਖੁਰਾਕ ਵਿੱਚ ਬਦਲੀ ਜਾ ਸਕਦੀ ਹੈ ਅਤੇ ਜਿਹੜਾ ਅਨਾਜ ਅਸੀਂ ਪ੍ਰੋਸੈਸ ਕਰਾਂਗੇ ਉਸਦੀ ਵੇਸਟ ਪਾਕੇ ਇਹ ਤੂੜੀ ਸੰਪੂਰਨ ਡੰਗਰਾ ਦੀ ਖੁਰਾਕ ਬਣਾਈ ਜਾ ਸਕਦੀ ਹੈ। ਅਸੀਂ ਤੂੜੀ ਅਤੇ ਝੋਨੇ ਦੀ ਪਰਾਲੀ ਵਰਤਕੇ ਗਤਾ ਵੀ ਬਣਾ ਸਕਦੇ ਹਾਂ ਅਤੇ ਪੇਪਰ ਮਿਲਾਂ ਵੀ ਖੜੀਆਂ ਕੀਤੀਆਂ ਜਾ ਸਕਦੀਆਂ ਹਲ।,ਇਹ ਸਹਿਕਾਰਤਾਂ ਸਮਿਤੀਆਂ ਆਪਣੇ ਅਨਾਜ ਭੰਡਾਰ ਵੀ ਖੜੇ ਕਰਨਗੀਆਂ ਅਤੇ ਅਨਾਜ ਮੰਡੀਆਂ ਵਿੱਚ ਵੇਚਣ ਦੀ ਬਜਾਏ ਇਹ ਪ੍ਰੋਸੈਸ ਕਰਕੇ ਵੇਚਿਆ ਜਾਵੇਗਾ ਅਤੇਜ਼ਿਆਦਾ ਲਾਭ ਪ੍ਰਾਪਤ ਕੀਤਾ ਜਾ ਸਕੇਗਾ। ਇਹ ਇਕਾਈਆਂ ਲੋਕਾਂ ਨੇ ਹੀ ਚਲਾਉਣੀਆਂ ਹਨ ਅਤੇ ਸਾਡੇ ਨੋਜਵਾਨਾ ਨੂੰ ਰਜਕੇ ਰੁਜ਼ਗਾਰ ਵੀ ਮਿਲੇਗਾ। ਇਹ ਇਕਾਈਆਂ ਆਪਣੇ ਹਸਪਤਾਲ ਵੀ ਖੋਲ੍ਹਣਗੀਆ ਅਤੇ ਆਪਣੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਵਾਰਾਂ ਦਾ ਇਲਾਜ ਵੀ ਕੀਤਾ ਜਾ ਸਕੇਗਾ।

ਅਸੀਂ ਪੰਜਾਬ ਵਾਲੇ ਸਾਰੇ ਦੇ ਸਾਰੇ ਭਾਰਤ ਦੀ ਰਸੋਈ ਬਣ ਜਾਈਏ ਅਤੇ ਇਹ ਪੰਜਾਬ ਦੇ ਜਿਹੜੇ ਇਲਾਕੇ ਸਾਥੋਂ ਖੋਹ ਲਏ ਗਏ ਹਨ ਅਤੇ ਅਜ ਹਰਿਆਣਾ ਅਤੇ ਹਿੰਮਾਚਲ ਪ੍ਰਦੇਸ਼ ਬਣ ਗਏ ਹਨਇਹ ਵੀਹ ਆਪਣਾ ਅਨਾਜ9, ਫਲ ਅਤੇ ਸਬਜ਼ੀਆਂ ਪੰਜਾਬ ਵਿੱਚ ਲਿਆਕੇ ਵੇਚਣ ਲਗ ਪੈਣਤਾਂਕਿ ਇਥੇ ਪ੍ਰਸੈਸ ਹੋਕੇ ਮਹਿੰਗੇ ਭਾਅ ਉਤੇ ਸਾਰੇ ਭਾਰਤ ਤਕ ਪੁਚਾਇਆ ਜਾ ਸਕੇ। ਇਸ ਨਾਲ ਰੁਜ਼ਗਾਰ ਦੇ ਇਤਨੇ ਮੋਕੇ ਬਣ ਆਉਣਗੇ ਕਿ ਹੋਰ ਇਲਾਕਿਆਂ ਵਿਚੋਂ ਵੀ ਨੌਜਵਾਨ ਸਿਖਲਆਈ ਲੈਕੇ ਸਾਡੇ ਪੰਜਾਬ ਵਿੱਚ ਰੁਜ਼ਗਾਰ ਦੀ ਭਾਲ ਕਰਨ ਲਗਪੈਣਗੇ ਭਾਰਤੀਆਂ ਦੀ ਚੰਗੀ ਮਜ਼ਬੂਤ ਸਿਹਤ ਲਈ ਖਾਣਾ ਵਧੀਆਂ ਹੋਣਾ ਚਾਹੀਦਾ ਹੈ ਅਤੇ ਅਗਰ ਅਸੀਂ ਭਾਰਤੀਆਂ ਨੂੰ ਸਿਹਤਮੰਦ ਖੁਰਾਕ ਦੇ ਸਕਦੇ ਹਾਂ ਤਾਂ ਇਸਤੋਂ ਵਡੀ ਦੇਸ਼ ਸੇਵਾ ਹੋਰ ਕੋਈ ਨਹੀਂ ਹੋ ਸਕਦੀ ਹੈ। ਸਾਡੇ ਮੁਖ ਮੰਤਰੀ ਮਾਨ ਜੀ ਨੇ ਵੀ ਐਲਾਨ ਕਰ ਰਖਿਆ ਹੈ ਕਿ ਵਕਗਤ ਆਵੇਗਾ ਅੰਗਰੇਜ਼ ਵੀ ਸਾਡੀਆਂ ਇਕਾਈਆਂ ਵਿੱਚ ਆਕੇ ਸੇਵਾ ਕਰਨੀ ਪਸੰਦ ਕਰਨਗੇ ਇਹ ਸਪਨਾ ਵੀ ਪੂਰਾ ਹੋ ਸਕਦਾ ਹੈ। ਲਵ ਭਗ ਸਾਰੇ ਲੋਕਾਂ ਨੂੰ ਅਸੀਂ ਰੁਜ਼ਗਾਰ ਦੇ ਸਕਾਂਗੇ। ਚੰਗੀਆਂ ਤਨਖਾਹਾਂ। ਭਤੇ, ਮੈਡੀਕਲ, ਬੀਮਾਂ, ਪੈਨਸ਼ਨ ਦੀਆਂ ਸਹੂਲਤਾ ਦੇ ਸਕਾਂਗੇ ਅਤੇ ਮਾਲਡ ਨਿਯੋਜਜਿਕ ਬਣਕੇ ਸਾਡਾ ਪੰਜਾਬ ਭਾਰਤ ਲਈ ਮਿਲਸਾਲ ਬਣ ਜਾਵੇਗਾ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ*
*ਫੋਨ- 0175 5191856*

# ਲੰਮੀਆਂ ਦੌੜਾਂ ਦਾ ਲਾਸਾਨੀ ਅਥਲੀਟ ਹਰੀ ਚੰਦ

ਨਵਦੀਪ ਸਿੰਘ ਗਿੱਲ



ਹਰੀ ਚੰਦ ਦੇ ਤੁਰ ਜਾਣ ਨਾਲ ਭਾਰਤੀ ਅਥਲੈਟਿਕਸ ਨੇ ਆਪਣਾ ਵੱਡਾ ਅਥਲੀਟ ਗੁਆ ਲਿਆ। ਉਹ ਲੰਮੀ ਦੂਰੀ ਦੀਆਂ ਦੌੜਾਂ ਦਾ ਮਹਾਨ ਅਥਲੀਟ ਸੀ, ਜਿਸ ਨੇ ਓਲੰਪਿਕ, ਏਸ਼ਿਆਈ ਖੇਡਾਂ ਤੱਕ ਸੁਨਹਿਰੀ ਪੈੜਾਂ ਛੱਡੀਆਂ। ਉਸ ਨੇ ਦੋ ਓਲੰਪਿਕਸ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਤੇ ਇੱਕ ਏਸ਼ਿਆਈ ਖੇਡਾਂ ਵਿੱਚ ਸੋਨੇ ਦੇ ਦੋ ਤਮਗੇ ਜਿੱਤੇ। ਏਸ਼ਿਆਈ ਚੈਂਪੀਅਨ ਹਰੀ ਚੰਦ ਦੇ ਨਾਂਅ ਏਸ਼ਿਆਈ ਅਤੇ ਭਾਰਤ ਦਾ ਰਿਕਾਰਡ ਵੀ ਦਰਜ ਰਿਹਾ। ਲੰਮੀ ਦੂਰੀ ਵਿੱਚ ਉਹ ਭਾਰਤੀ ਅਥਲੈਟਿਕਸ ਇਤਿਹਾਸ ਦੇ ਸਿਖਰਲੇ ਅਥਲੀਟਾਂ ਵਿੱਚੋਂ ਮੋਹਰੀ ਸੀ।

12 ਜੂਨ ਦੀ ਸ਼ਾਮ ਨੂੰ 69 ਸਾਲਾਂ ਦੇ ਹਰੀ ਚੰਦ ਨੇ ਜਲੰਧਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਆਖਰੀ ਸਾਹ ਲਿਆ। ਉਸ ਦੇ ਤੁਰ ਜਾਣ ਪਿੱਛੋਂ ਉਸ ਬਾਰੇ ਜਾਣਕਾਰੀ ਲੈਣ ਲਈ ਬਹੁਤ ਖੇਡ ਪ੍ਰੇਮੀ ਉਤਸੁਕ ਹੋਏ। ਜਦੋਂ ਉਸ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਹੋਇਆ ਤਾਂ ਖੇਡ ਪ੍ਰੇਮੀਆਂ ਦੇ ਮੂੰਹੋਂ ਆਪ ਮੁਹਾਰੇ ਹਰੀ ਚੰਦ ਦੀ ਮਹਾਨਤਾ ਨੂੰ ਸਿਜਦਾ ਕੀਤਾ ਗਿਆ। ਦੇਸ਼ ਦੇ ਮਹਾਨ ਅਥਲੀਟ ਗੁਰਚਰਨ ਸਿੰਘ ਰੰਧਾਵਾ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਅੱਜ ਉਨ੍ਹਾਂ ਮਹਾਨ ਅਥਲੀਟ ਤੇ ਬਿਹਤਰ ਇਨਸਾਨ ਗੁਆ ਲਿਆ ਹੈ, ਜਿਸ ਦੀਆਂ ਪ੍ਰਾਪਤੀਆਂ ਬਦਲੇ ਉਹ ਪਦਮਸ੍ਰੀ ਦਾ ਹੱਕਦਾਰ ਸੀ, ਪਰ ਉਸ ਨੂੰ ਇਹ ਸਨਮਾਨ ਨਹੀਂ ਮਿ-ਲਿਆ। ਭਰਤੀ ਅਥਲੈਟਿਕਸ ਫੈਡਰੇਸ਼ਨ, ਪੰਜਾਬ ਦੇ ਮੁੱਖ ਮੰਤਰੀ, ਖੇਡ ਮੰਤਰੀ ਅਤੇ ਦੇਸ਼ ਦੇ ਵੱਡੇ ਖਿਡਾਰੀਆਂ ਦੇ ਉਸ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਘਟਾਵਾ ਕੀਤਾ ਹੈ।

ਹਰੀ ਚੰਦ ਦਾ ਜਨਮ ਪਹਿਲੀ ਅਪ੍ਰੈਲ 1963 ਨੂੰ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਘੋੜੇਵਾਹਾ ਵਿਖੇ ਹੋਇਆ। ਉਸ ਦਾ ਬਾਜ਼ੀਗਰ ਦਾਦਾ ਕਮਾਲ ਦੀ ਬਾਜ਼ੀ ਪਾਉਂਦਾ ਸੀ ਜਿਸ ਦੀ ਪੱਟੜੀ ਦੀ ਛਾਲ ਸਭ ਤੋਂ ਮਸ਼ਹੂਰ ਸੀ। ਹਰੀ ਚੰਦ ਦਾ ਪਿਤਾ ਜੱਗੂ ਰਾਮ ਉਸ ਵੇਲੇ ਡੇਢ ਕੁ ਸਾਲ ਦਾ ਸੀ, ਜਦੋਂ ਉਸ ਦੇ ਦਾਦੇ ਦਾ ਦਿਹਾਂਤ ਹੋ ਗਿਆ। ਹਰੀ ਚੰਦ ਦੇ ਪਿਤਾ ਉੱਤੇ ਛੋਟੀ ਉਮਰੇ ਘਰ ਦੀ ਕਬੀਲਦਾਰੀ ਦਾ ਬੋਝ ਪੈ ਜਾਣ ਨਾਲ ਉਸ ਦੀਆਂ ਖਿਡਾਰੀ ਬਣਨ ਦੀਆਂ ਰੀਝਾਂ ਧਰੀਆਂਰਹਿ ਗਈਆਂ। ਹਰੀ ਚੰਦ ਦੇ ਪਿਤਾ ਨੇ ਆਪਣਾ ਸੁਫਨਾ ਪੁੱਤਰ ਵਿੱਚ ਪੂਰਾ ਕੀਤਾ। ਸ਼ੁਰੂ ਵਿੱਚ ਉਸ ਨੂੰ ਪਹਿਲਵਾਨੀ ਵੱਲ ਲਾਇਆ, ਪਰ ਉਸ ਦਾ ਰੁਝਾਨ ਅਥਲੈਟਿਕਸ ਵੱਲ ਰਿਹਾ। ਪਿੰਡ ਦਾ ਹੀ ਅਥਲੀਟ ਨਵਾਬ ਸਿੰਘ ਉਸ ਦਾ ਆਦਰਸ਼ ਸੀ।

ਹਰੀ ਚੰਦ ਨੇ ਨੇੜਲੇ ਪਿੰਡ ਕੰਧਾਲਾ ਜੱਟਾਂ ਦੇ ਬੀ ਐੱਸ ਡੀ ਹਾਈ ਸਕੂਲ ਤੋਂ ਮੁੱਢਲੀ ਪੜ੍ਹਾਈ ਕੀਤੀ। ਉਹ 800 ਮੀਟਰ, 1500 ਮੀਟਰ ਅਤੇ ਲੰਮੀ ਛਾਲ ਵਿੱਚ ਜ਼ਿਲਾ ਪੱਧਰ ਉੱਤੇ ਪਹਿਲਾ ਸਥਾਨ ਹਾਸਲ ਕਰ ਗਿਆ। 1970 ਵਿੱਚ ਉਸ ਨੇ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿੱਚ 3000 ਮੀਟਰ ਦੌੜ ਜਿੱਤੀ। 1972 ਵਿੱਚ ਜੈਪੁਰ ਵਿੱਚ ਹੋਈਆਂ ਕੌਮੀ ਦਿਹਾਤੀ ਖੇਡਾਂ ਵਿੱਚ ਉਸ ਨੇ 5000 ਮੀਟਰ ਦੌੜ ਵਿੱਚ ਸੋਨੇ ਦਾ ਤਮਗਾ ਜਿੱਤਿਆ। ਸੀ ਆਰ ਪੀ ਐਫ ਵਿੱਚ ਉਹ ਹੈੱਡ ਕਾਂਸਟੇਬਲ ਭਰਤੀ ਹੋ ਗਿਆ। ਸ਼ੁਰੂ ਵਿੱਚ ਸੀ ਆਰ ਪੀ ਐੱਫ ਦੀ ਰੰਗਰੂਟੀ ਕਰ ਕੇ ਉਸ ਦਾ ਪ੍ਰਦਰਸ਼ਨ ਚੰਗਾ ਨਹੀਂ ਰਿਹਾ ਜਿਸ ਕਾਰਨ ਉਸ ਦੀ ਭਰਤੀ ਉੱਤੇ ਸ਼ੱਕ ਕੀਤਾ ਜਾਂਦਾ ਰਿਹਾ। ਇੱਕ ਸਾਲ ਬਾਅਦ ਉਹ ਸੀ ਆਰ ਪੀ ਐੱਫ ਵਿੱਚ ਤੀਜੇ ਨੰਬਰ ਉਤੇ ਆ ਗਿਆ। ਜੇ ਐੱਸ ਸੈਣੀ ਅਤੇ ਜਗਮੋਹਨ ਸਿੰਘ ਜਿਹੇ ਪਾਰਖੂ ਕੋਚਾਂ ਨੇ ਹਰੀ ਚੰਦ ਦੇ ਕੁਦਰਤੀ ਗੁਣਾਂ ਨੂੰ ਦੇਖਦਿਆਂ ਉਸ ਨੂੰ ਹੀਰੇ ਵਾਂਗ ਤਰਾਸ਼ਿਆ।1974 ਵਿੱਚ ਹਰੀ ਚੰਦ ਦੀ ਗੁੱਡੀ ਚੜ੍ਹਨੀ ਸ਼ੁਰੂ ਹੋ ਗਈ, ਜਦੋਂ ਉਸ ਨੇ ਆਲ ਇੰਡੀਆ ਪੁਲਸ ਖੇਡਾਂ ਵਿੱਚ 10000 ਮੀਟਰ ਦੌੜ ਵਿੱਚ ਤੀਹ ਮਿੰਟ 41 ਸੈਕਿੰਡ ਦੇ ਸਮੇਂ ਨਾਲ ਨਵਾਂ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗਾ ਜਿੱਤਿਆ। ਇਸੇ ਸਾਲ ਉਸ ਨੇ ਨੈਸ਼ਨਲਓਪਨ ਮੀਟ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਸਾਲ 1975 ਵਿੱਚ ਹਰੀ ਚੰਦ ਨੇ ਆਲ ਇੰਡੀਆ ਪੁਲਸ ਮੀਟ ਵਿੱਚ 1500 ਮੀਟਰ, 5000 ਮੀਟਰ ਤੇ 1000 ਮੀਟਰ ਵਿੱਚ ਸੋਨੇ ਦਾ ਤਮਗਾ ਜਿੱਤ ਕੇ ਬੈਸਟ ਅਥਲੀਟ ਦਾ ਖਿਤਾਬ ਜਿੱਤਿਆ।

ਸਿਓਲ ਵਿੱਚ ਏਸ਼ੀਅਨ ਟਰੈਕ ਐਂਡ ਫੀਡ ਮੀਟ ਵਿੱਚ ਪਹਿਲੀ ਵਾਰ ਹਿੱਸਾ ਲੈਂਦਿਆਂ ਹਰੀ ਚੰਦ ਨੇ 10000 ਮੀਟਰ ਦੌੜ ਵਿੱਚ 29 ਮਿੰਟ ਤੇ 12 ਸੈਕਿੰਡ ਦੇ ਸਮੇਂ ਨਾਲ ਨਵਾਂ ਏਸ਼ਿਆਈ ਰਿਕਰਾਡ ਬਣਾਉਂਦਿਆਂ ਸੋਨੇ ਦਾ ਤਮਗਾ ਜਿੱਤਿਆ। ਇਸੇ ਦੌੜ ਵਿੱਚ ਹਰੀ ਚੰਦ ਨੇ ਉਸ ਵੇਲੇ ਭਾਰਤ ਦੇ ਵੱਡੇ ਅਥਲੀਟ ਸ਼ਿਵਨਾਥ ਨੂੰ ਹਰਾਇਆ ਜਿਸ ਤੋਂ ਬਾਅਦ ਲੰਮੀਆਂ ਦੌੜਾਂ ਵਿੱਚ ਉਹ ਭਾਰਤ ਦਾ ਮੋਹਰੀ ਅਥਲੀਟ ਬਣ ਗਿਆ। 5000 ਮੀਟਰ ਦੌੜ ਵਿੱਚ ਉਸ ਨੇ 14 ਮਿੰਟ ਤੇ 24 ਸੈਕਿੰਡ ਦੇ ਸਮੇਂ ਨਾਲ ਕਾਂਸੀ ਦਾ ਤਮਗਾ ਜਿੱਤਿਆ ਅਤੇ ਵਾਪਸੀ ਉਤੇ ਸੀ ਆਰ ਪੀ ਐਫ ਨੇ ਉਸ ਨੂੰ ਤਰੱਕੀ ਦੇ ਕੇ ਇੰਸਪੈਕਟਰ ਬਣਾ ਦਿੱਤਾ। ਸਾਲ 1976 ਵਿੱਚ ਆਲ ਇੰਡੀਆ ਪੁਲਸ ਖੇਡਾਂ ਵਿੱਚ ਉਸ ਨੇ 1500, 5000 ਤੇ 1000 ਮੀਟਰ ਦੌੜ ਵਿੱਚ ਨਵੇਂ ਰਿਕਾਰਡ ਬਣਾਉਂਦਿਆਂ ਸੋਨੇ ਦੇ ਤਮਗੇ ਜਿੱਤੇ। 1976 ਵਿੱਚ ਮਾਂਟਰੀਅਲ ਓਲੰਪਿਕ ਖੇਡਾਂ ਲਈ ਭਾਰਤੀ ਟੀਮ ਵਿੱਚ ਚੁਣਿ-ਆ ਗਿਆ। ਸ਼ਿਵਨਾਥ ਨੇ ਆਪਣਾ ਈਵੈਂਟ ਬਦਲ ਕੇ ਮੈਰਾਥਨ ਦੌੜਨੀ ਸ਼ੁਰੂ ਕੀਤੀ। ਮਾਂਟਰੀਅਲ ਓਲੰਪਿਕਸ ਵਿੱਚ ਹਰੀ ਚੰਦ ਨੇ 28 ਮਿੰਟ 48.72 ਸੈਕਿੰਡ ਸਮਾਂ ਕੱਢ ਕੇ ਨਵਾਂ ਏਸ਼ੀਅਨ ਤੇ ਕੌਮੀ ਰਿਕਾਰਡ ਬਣਾਇਆ। ਨੈਸ਼ਨਲ ਰਿਕਾਰਡ 32 ਸਾਲ ਤੱਕ ਉਸ ਦੇ ਨਾਂਅ ਰਿਹਾ।1978 ਦੀਆਂ ਬੈਂਕਾਕ ਏਸ਼ਿਆਈ ਖੇਡਾਂ ਭਾਰਤੀ ਖੇਡ ਦਲ ਦੇ ਲਿਹਾਜ਼ ਨਾਲ ਹਰੀ ਚੰਦ ਦੇ ਨਾਂਅ ਨਾਲ ਜਾਣੀਆਂ ਜਾਂਦੀਆਂ ਹਨ। ਹਰੀ ਚੰਦ ਨੇ 5000 ਤੇ 1000 ਮੀਟਰ ਦੋਵਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ। ਬੈਂਕਾਕ ਵਿਖੇ ਭਾਰਤ ਨੇ 11 ਸੋਨੇ ਦੇ ਤਮਗੇ ਜਿੱਤੇ ਸਨ, ਜਿਨ੍ਹਾਂ ਵਿੱਚੋਂ ਇਕੱਲੇ ਅਥਲੈਟਿਕਸ ਵਿੱਚ ਅੱਠ ਸੋਨ ਤਮਗੇ ਸਨ। ਹਰੀ ਚੰਦ ਇਕਲੌਤਾ ਭਾਰਤੀ ਅਥਲੀਟ ਸੀ ਜਿਸ ਨੇ ਦੋਹਰਾ ਸੋਨ ਤਮਗਾ ਜਿੱਤਿਆ। 1980 ਵਿੱਚ ਮਾਸਕੋ ਵਿਖੇ ਹਰੀ ਚੰਦ ਨੇ ਦੂਜੀ ਵਾਰ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ।

ਹਰੀ ਚੰਦ ਦੀ ਆਮ ਦਿਨਾਂ ਵਿੱਚ ਨਬਜ਼ ਇੱਕ ਮਿੰਟ ਵਿੱਚ 32 ਤੋਂ 35 ਵਾਰ ਚੱਲਦੀ ਸੀ ਤੇ ਉਹ ਇਕਹਿਰੇ ਸਰੀਰ ਦਾ ਹੋਣ ਕਾਰਨ ਹਰ ਕੋਈ ਉਸ ਨੂੰ ਬਿਮਾਰ ਸਮਝ ਬੈਠਦਾ ਸੀ। ਹਰੀ ਚੰਦ ਨੇ ਆਪਣੀ ਖੇਡ ਨਾਲ ਸਾਬਤ ਕੀਤਾ ਕਿ ਉਹ ਹਲਕੇ ਸਰੀਰ ਦਾ ਲਾਸਾਨੀ ਅਥਲੀਟ ਸੀ।ਹਰੀ ਚੰਦ ਸੀ ਆਰ ਪੀ ਐੱਫ ਵਿੱਚ ਡਿਪਟੀ ਕਮਾਂਡੈਂਟ ਰਿਟਾਇਰ ਹੋਇਆ। ਭਾਰਤ ਸਰਕਾਰ ਨੇ ਉਸ ਨੂੰ ਖੇਡ ਪ੍ਰਾਪਤੀਆਂ ਬਦਲੇ ਅਰਜੁਨਾ ਐਵਾਰਡ ਨਾਲ ਸਨਮਾਨਤ ਕੀਤਾ। ਹਰੀ ਚੰਦ ਦਾ ਨਾਂਅ ਲੰਮੀਆਂ ਦੌੜਾਂ ਵਿੱਚ ਭਾਰਤ ਦੇ ਸਿਖਰਲੇ ਅਥਲੀਟਾਂ ਵਿੱਚ ਸ਼ੁਮਾਰ ਹੋ ਗਿਆ। ਭਾਰਤ ਸਰਕਾਰ ਨੇ ਉਸ ਦੇ ਦੌੜਦੇ ਦੀ ਡਾਕ ਟਿਕਟ ਵੀ ਜਾਰੀ ਕੀਤੀ। ਅੱਜ ਉਸ ਦੇ ਤੁਰ ਜਾਣ ਨਾਲ ਅਥਲੈਟਿਕਸ ਖੇਡ ਨੂੰ ਵੱਡਾ ਘਾਟਾ ਪਿਆ। ਹਰੀ ਚੰਦ ਦੇ ਪਰਵਾਰ ਵਿੱਚ ਉਸ ਦੀ ਪਤਨੀ, ਦੋ ਪੁੱਤਰ ਅਤੇ ਇੱਕ ਧੀ ਹਨ।

## ਹਲਕਾ-ਫੁਲਕਾ

ਪ੍ਰੇਮਿਕਾ, "ਕੀ ਤੂੰ ਮੈਨੂੰ ਬਹੁਤ ਪਿਆਰ ਕਰਦਾ ਏਂ?"
ਪ੍ਰੇਮੀ, "ਹਾਂ, ਮੈਂ ਤੇਰੇ ਲਈ ਜਾਨ ਤੱਕ ਦੇ ਸਕਦਾ ਹਾਂ।"
ਪ੍ਰੇਮਿਕਾ, "ਜਾਨ ਨਾ ਦੇ, ਪਰ ਸੌ ਦਾ ਇੱਕ ਨੋਟ ਦੇਵੇਂਗਾ?"
ਪ੍ਰੇਮੀ, "ਡੀਅਰ, ਪਿਆਰ-ਮੁਹੱਬਤ ਵਿੱਚ ਪੈਸੇ ਨਹੀਂ ਮੰਗੀਦੇ।"

********

ਲੜਕਾ, "ਤੂੰ ਹਮੇਸ਼ਾ ਮੇਰੇ ਸੁਫਨਿਆਂ ਵਿੱਚ, ਜਜ਼ਬਾਤਾਂ ਵਿੱਚ ਰਹਿੰਦੀ ਏਂ।"
ਲੜਕੀ, "ਵੀਰੇ, ਤੈਨੂੰ ਕਿਸੇ ਨੇ ਬੇਵਕੂਫ ਬਣਾਇਆ ਹੈ, ਮੈਂ ਤਾਂ ਦਿੱਲੀ ਵਿੱਚ ਰਹਿੰਦੀ ਹਾਂ।"

********

ਪਤੀ, "ਮੁੰਨਾ ਰੋ ਰਿਹੈ, ਚੁੱਪ ਕਰਾ ਇਸ ਨੂੰ।"
ਪਤਨੀ (ਗੁੱਸੇ ਨਾਲ), "ਮੈਂ ਕੰਮ ਕਰਾਂ ਜਾਂ ਬੱਚੇ ਸੰਭਾਲਾਂ, ਮੈਂ ਇਸ ਨੂੰ ਦਾਜ ਵਿੱਚ ਨਹੀਂ ਲੈ ਕੇ ਆਈ, ਖੁਦ ਚੁਪ ਕਰਾ ਲਵੋ।"
ਪਤੀ, "ਫਿਰ ਰੋਣ ਦੇ, ਮੈਂ ਵੀ ਕਿਹੜਾ ਇਸ ਨੂੰ ਬਰਾਤ ਵਿੱਚ ਲੈ ਕੇ ਗਿਆ ਸੀ।"

*******

ਇੱਕ ਛੋਟੀ ਬੱਚੀ ਦੁਕਾਨਦਾਰ ਨੂੰ ਬੋਲੀ, "ਅੰਕਲ! ਜਦੋਂ ਮੈਂ ਵੱਡੀ ਹੋ ਗਈ ਤਾਂ ਤੁਸੀਂ ਆਪਣੇ ਬੇਟੇ ਦਾ ਵਿਆਹ ਮੇਰੇ ਨਾਲ ਕਰੋਗੇ?"
ਦੁਕਾਨਦਾਰ (ਹੱਸਦੇ ਹੋਏ), "ਹਾਂ, ਬੇਟਾ, ਜ਼ਰੂਰ ਕਰਾਂਗਾ।"
ਬੱਚੀ, "ਫਿਰ ਆਪਣੀ ਹੋਣ ਵਾਲੀ ਨੂੰਹ ਨੂੰ ਇੱਕ ਚਾਕਲੇਟ ਦੇ ਦਿਓ।"

********

ਪਤਨੀ, "ਕੱਲ੍ਹ ਜਿਹੜਾ ਭਿਖਾਰੀ ਆਇਆ ਸੀ, ਬਹੁਤ ਬਦਤਮੀਜ਼ ਹੈ।"
ਪਤੀ, "ਕਿਉਂ?"
ਪਤਨੀ, "ਕੱਲ੍ਹ ਉਸ ਨੂੰ ਖਾਣਾ ਖਾਣ ਲਈ ਦਿੱਤਾ ਤੇ ਅੱਜ ਮੈਨੂੰ ਕਿਤਾਬ ਦੇ ਗਿਆ ਹੈ 'ਖਾਣਾ ਬਣਾਉਣਾ ਸਿੱਖੋ'।"

# ਸਾਧੂ ਸਿੰਘ ਧਰਮਸੋਤ ਆਪਣੇ ਹੀ ਹਲਕੇ ਦੀ ਜੇਲ੍ਹ ਵਿੱਚ ਜਾ ਪੁੱਜਾ



ਨਾਭਾ, 15 ਜੂਨ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਹੇਠ ਉਸਦੇ ਆਪਣੇ ਵਿਧਾਨ ਸਭਾ ਹਲਕੇ ਦੀ ਜੇਲ੍ਹ ਵਿੱਚ ਭੇਜਿਆ ਗਿਆ। ਉਹ ਨਾਭੇ ਤੋਂ ਦਸ ਸਾਲ ਵਿਧਾਇਕ ਰਹੇ। ਉਨ੍ਹਾਂ ਨੂੰ ਪਰਸੋਂ ਸ਼ਾਮ ਨਾਭੇ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਲਿਆਂਦਾ ਗਿਆ ਤਾਂ ਇਸ ਮੌਕੇ ਉਨ੍ਹਾਂ ਨਾਲ ਦਾ ਕੋਈ ਕੌਂਸਲਰ, ਸਰਪੰਚ ਤੇ ਪਾਰਟੀ ਦਾ ਸਿਆਸ ਆਗੂ ਨਹੀਂ ਪੁੱਜਿਆ। ਧਰਮਸੋਤ ਦਾ ਹਾਲ ਜਾਣਨ ਲਈ ਉਸ ਦੇ ਕੁਝ ਰਿਸ਼ਤੇਦਾਰਾਂ ਤੋਂ ਇਲਾਵਾ ਭਾਦਸੋਂ ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਚੁੰਨੀ ਲਾਲ ਹੀ ਪੁੱਜੇ। ਚੁੰਨੀ ਲਾਲ ਵੀ ਸਾਧੂ ਸਿੰਘ ਧਰਮਸੋਤ ਦੇ ਰਿਸ਼ਤੇਦਾਰ ਹੀ ਹਨ।

ਜੇਲ੍ਹ ਅਫਸਰ ਨੇ ਦੱਸਿਆ ਕਿ ਜੇਲ੍ਹ ਵਿੱਚ ਰਾਤ ਦੀ ਰੋਟੀ ਸੱਤ ਵਜੇ ਦਿੱਤੀ ਜਾਂਦੀ ਹੈ, ਪਰ ਸਾਧੂ ਸਿੰਘ ਧਰਮਸੋਤ ਪੁਲਸ ਰਿਮਾਂਡ ਉੱਤੇ ਆਏ ਸਨ, ਇਸ ਕਰ ਕੇ ਉਨ੍ਹਾਂ ਨੂੰ ਪਹਿਲਾਂ ਖਾਣਾ ਦਿੱਤਾ ਗਿਆ। ਸਵੇਰੇ ਉਸ ਨੇ ਆਪਣੀ ਬੈਰਕ ਦੇ ਹੋਰ ਕੈਦੀਆਂ ਨਾਲ ਨਾਸ਼ਤਾ ਕੀਤਾ ਤੇ ਚਾਹ ਪੀਤੀ।ਵਰਨਣ ਯੋਗ ਹੈ ਕਿ ਸਾਧੂ ਸਿੰਘ ਧਰਮਸੋਤ ਨੂੰਬੀਤੇ ਦਿਨੀਂ ਰਿਸ਼ਵਤ ਲੈ ਕੇ ਰੁੱਖਾਂ ਦੀ ਕਟਾਈ ਕਰਾਉਣ ਦੇ ਦੋਸ਼ ਵਿੱਚ ਪੰਜਾਬ ਵਿਜੀਲੈਂਸ ਨੇ ਗ੍ਰਿਫਤਾਰ ਕੀਤਾ ਸੀ। ਧਰਮਸੋਤ ਨੇ ਆਪਣੇ ਆਪ ਨੂੰ ਬੇਕਸੂਰ ਦੱਸਦੇ ਹੋਏ ਇਸ ਨੂੰ ਬਦਲਾਖੋਰੀ ਦੀ ਸਿਆਸਤ ਦੱਸਿਆ ਤੇ ਜੇਲ੍ਹ ਵਿੱਚ ਆਉਣ ਵੇਲੇ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਅਦਾਲਤ ਉੱਤੇ ਪੂਰਾ ਭਰੋਸਾ ਹੈ ਤੇ ਉਹ ਨਿਰਦੋਸ਼ ਕਰਾਰ ਦੇਣ ਤੋਂ ਬਾਅਦ ਬਾਹਰ ਆਉਣਗੇ।

# ਸੰਗਰੂਰ ਦਾ ਚੋਣ ਦੰਗਲ ਨਾ ਹਾਈ-ਫਾਈ, ਨਾ ਖੜਕਾ-ਦੜਕਾ!



ਲੁਧਿਆਣਾ, 15 ਜੂਨ (ਪੋਸਟ ਬਿਊਰੋ)- ਪੰਜਾਬ ਦੀ ਸੰਗਰੂਰ ਲੋਕ ਸਭਾ ਚੋਣ ਵਿੱਚ ਰਾਜ ਕਰਦੀ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਸੀਟ ਖਾਲੀ ਕਰ ਕੇ ਆਪਣੇ ਹੋਮ ਡ੍ਰਿਸਟ੍ਰਿਕ ਵਿੱਚ ਪਿਛਲੀਆਂ ਸਰਕਾਰਾਂ ਵਾਂਗ ਰਾਜਸੀ ਹੱਲਾ-ਗੁੱਲਾ ਕਰਨ ਲਈ ਬਾਹਰੋਂ ਪਾਰਟੀ ਨੇਤਾ ਤੇ ਵਰਕਰ ਲਿਆ ਕੇ ਪਿੰਡ-ਪਿੰਡ ਬਿਠਾ ਕੇ ਖੂਬ ਪ੍ਰਚਾਰ ਤੇ ਮੁੱਖ ਮੰਤਰੀ ਸਮੇਤ ਸਾਰੀ ਕੈਬਨਿਟ ਨਹੀਂ ਝੋਕੀ। ਇਥੋਂ ਤਕ ਕਿ ਹਲਕੇ ਵਿੱਚ ਉਮੀਦਵਾਰ ਗੁਰਮੇਲ ਸਿੰਘ ਨੂੰ ਉਤਾਰੇ ਨੂੰ ਦੋ ਹਫ਼ਤੇ ਤੋਂ ਵੱਧ ਦਾਹੋ ਗਿਆ। ਆਮ ਆਦਮੀ ਪਾਰਟੀ ਨੇ ਸੰਗਰੂਰ ਲੋਕ ਸਭਾ ਸੀਟ ਨੂੰ ਹਾਈ-ਫਾਈ ਨਹੀਂ ਕੀਤਾਅਤੇ ਰੁਟੀਨ ਦੀ ਤਰ੍ਹਾਂ ਪਾਰਟੀ ਦੇ ਵਰਕਰਾਂ ਨੂੰ ਚੋਣ ਲੜਨ ਦੇ ਹੁਕਮ ਦਿੱਤੇ ਹਨ।

ਇਸ ਤੋਂ ਪਹਿਲਾਂ ਪੰਜਾਬ ਵਿੱਚ ਬਾਦਲ ਸਰਕਾਰ ਮੌਕੇ ਜਾਂ ਕੈਪਟਨ ਸਰਕਾਰ ਮੌਕੇ ਉਪ ਚੋਣਾਂ ਵਿੱਚ ਮੁੱਖ ਮੰਤਰੀ ਦੇ ਗੇੜੇ, ਵਿਕਾਸ ਦੇ ਧੜਾਧੜ ਕੰਮ ਧੰਦੇ, ਸਰਕਾਰ ਦਾ ਚੰਡੀਗੜ੍ਹ ਦੀ ਥਾਂ ਹਲਕੇ ਵਿੱਚ ਆ ਕੇ ਵੋਟਰਾਂ ਦੇ ਮੂੰਹੋਂ ਗੱਲ ਸੁਣ ਕੇ ਫੌਰੀ ਹੱਲ ਕਰਵਾਉਣਾ, ਪਿੰਡ-ਪਿੰਡ ਮੋਰਚੇ ਲਾਉਣਾ ਅਤੇ ਖੂਬ ਰਾਜਸੀ ਖੜਕਾ-ਦੜਕਾ ਤੇ ਤੜਕਾ ਲਾਉਣਾ ਸ਼ਾਮਲ ਹੁੰਦਾ ਸੀ। ਇਸ ਵਾਰ ਆਮ ਆਦਮੀ ਪਾਰਟੀ ਦਾ ਉਹ ਪ੍ਰਭਾਵ ਦਿਖਾਈ ਨਹੀਂ ਦੇ ਰਿਹਾ।ਕਾਂਗਰਸ ਤੇ ਮਾਨ ਦਲ, ਬਾਦਲ ਅਕਾਲੀ ਦਲ, ਭਾਜਪਾ ਆਦਿ ਆਪਣੀਆਂ ਟੀਮਾਂ ਨਾਲ ਦੇਖੇ ਜਾ ਰਹੇ ਹਨ ਤੇ ਲੱਗਦਾ ਹੈ ਕਿ ਚੋਣਾਂ ਦੇ ਆਖਰੀ ਦਿਨਾਂ ਵਿੱਚ ਸਰਕਾਰ ਕੁਝ ਹਿਲਜੁਲ ਕਰ ਕੇ ਜਲਵਾ ਦਿਖਾਵੇਗੀ। ਇਸ ਬਾਰੇ ਇੱਕ ਰਾਜਸੀ ਨੇਤਾ ਦੀ ਟਿਪਣੀ ਚਰਚਾ ਵਿੱਚ ਹੈ ਕਿ ਜੇ ਸਰਕਾਰ ਨੇ ਦਬਦਬਾ ਦਿਖਾਇਆ ਤੇ ਗੇੜੇ ਉੱਤੇ ਗੇੜਾ ਮਾਰਿਆ ਤਾਂ ਉਸ ਨਾਲ ਵਿਰੋਧੀ ਰੌਲਾ ਪਾਉਣਗੇ ਅਤੇ ਸਰਕਾਰੀ ਮਸ਼ੀਨਰੀ ਦੀ ਬੇਲੋੜੀ ਵਰਤੋਂ ਦੇ ਦੋਸ਼ ਲਾਉਣਗੇ। ਇਨ੍ਹਾਂ ਹੀ ਹੈ ਕਿ ਥੋੜ੍ਹਾ ਜਿੱਤ ਦਾ ਮਾਰਜਨ ਘਟ ਜਾਵੇਗਾ ਪਰ ਖੜਕਾ-ਦੜਕਾ ਤੇ ਹਾਈ-ਫਾਈ ਚੋਣਾਂ ਤੋਂ ਹਲਕਾ ਤਾਂ ਬਚਿਆ ਰਹੇਗਾ।

# ਜ਼ਮੀਨੀ ਝਗੜੇ ਕਾਰਨ ਭਰਾ ਵੱਲੋਂ ਭੈਣ ਦੀ ਹੱਤਿਆ



ਫਾਜ਼ਿਲਕਾ, 15 ਜੂਨ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਪਿੰਡ ਓਝ ਵਾਲੀ ਵਿੱਚ ਪੇਕੇ ਘਰ ਛੁੱਟੀਆਂ ਕੱਟਣ ਆਈ ਇੱਕ ਔਰਤ ਦੀ ਉਸ ਦੇ ਭਰਾ ਨੇ ਹੱਤਿਆ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੇ ਵਸਨੀਕ ਦੋ ਭਰਾਵਾਂ ਵਿੱਚ ਕੁਝ ਸਮੇਂ ਤੋਂ ਜ਼ਮੀਨ ਦੀ ਵੰਡ ਦਾ ਝਗੜਾ ਚੱਲ ਰਿਹਾ ਹੈ। ਕੱਲ੍ਹ ਦੋਵਾਂ ਵਿੱਚੋਂ ਵੱਡੇ ਭਰਾ ਬਲਜਿੰਦਰ ਸਿੰਘ ਨੇ ਛੋਟੇ ਭਰਾ ਛਿੰਦਰ ਸਿੰਘ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ, ਜਿਸ ਨੂੰ ਰੋਕਣ ਲਈ ਚੰਡੀਗੜ੍ਹ ਤੋਂ ਆਪਣੇ ਪੇਕੇ ਪਿੰਡ ਛੁੱਟੀਆਂ ਕੱਟਣ ਗਈ ਪਰਵੀਨ ਕੌਰ (35) ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਬਲਜਿੰਦਰ ਸਿੰਘ ਨੇ ਗੁੱਸੇ ਵਿੱਚ ਪ੍ਰਵੀਨ ਉੱਤੇ ਕਹੀ ਨਾਲ ਵਾਰ ਕਰ ਦਿੱਤਾ ਅਤੇ ਪਰਵੀਨ ਦੀ ਮੌਕੇ ਉੱਤੇ ਮੌਤ ਹੋ ਗਈ। ਇਸ ਮਗਰੋਂ ਬਲਜਿੰਦਰ ਸਿੰਘ ਫਰਾਰ ਹੋ ਗਿਆ। ਡੀ ਐਸ ਪੀ ਨੇ ਦੱਸਿਆ ਕਿ ਪ੍ਰਵੀਨ ਕੌਰ ਚੰਡੀਗੜ੍ਹ ਵਿਆਹੀ ਹੋਈ ਸੀ ਤੇ ਆਪਣੇ ਬੱਚਿਆਂ ਦੀਆਂ ਛੁੱਟੀਆਂ ਹੋਣ ਕਾਰਨ ਕੁਝ ਦਿਨਾਂ ਲਈ ਪੇਕੇ ਆਈ ਸੀ। ਉਨ੍ਹਾਂ ਦੱਸਿਆ ਕਿ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਪਰਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਮ੍ਰਿਤਕਾ ਦੇ ਪਿਤਾ ਜਰਨੈਲ ਸਿੰਘ ਨੇ ਦੱਸਿਆ ਕਿ ਉਸ ਦੇ ਵੱਡੇ ਲੜਕੇ ਬਲਜਿੰਦਰ ਸਿੰਘ ਨੂੰ ਉਸ ਦਾ ਬਣਦਾ ਹਿੱਸਾ ਦਿੱਤਾ ਜਾ ਚੁੱਕਾ ਹੈ, ਪਰ ਹਾਲੇ ਵੀ ਉਹ ਜ਼ਮੀਨ ਪਿੱਛੇ ਲੜਦਾ ਹੈ। ਜਰਨੈਲ ਸਿੰਘ ਨੇ ਦੱਸਿਆ ਕਿ ਜਦੋਂ ਕੱਲ੍ਹ ਉਹ ਪੱਠੇ ਕੁਤਰਨ ਲਈ ਟੋਕਾ ਲਾ ਰਿਹਾ ਸੀ ਤਾਂ ਬਲਜਿੰਦਰ ਦੀ ਪਤਨੀ ਪੂਜਾ ਨੇ ਆਪਣੇ ਪਤੀ ਨੂੰ ਫੋਨ ਕਰ ਦਿੱਤਾ। ਇਸ ਪਿੱਛੋਂ ਬਲਜਿੰਦਰ ਗੁੱਸੇ ਵਿੱਚ ਆਇਆ ਤੇ ਛਿੰਦਰ ਨੂੰ ਜਾਨ ਤੋਂ ਮਾਰ ਦੇਣ ਦੀ ਗੱਲ ਆਖਣ ਲੱਗਾ। ਜਰਨੈਲ ਸਿੰਘ ਨੇ ਦੱਸਿਆ ਕਿ ਛੋਟਾ ਮੁੰਡਾ ਉਦੋਂ ਘਰੇ ਨਹੀਂ ਸੀ, ਪਰ ਬਲਜਿੰਦਰ ਨੂੰ ਸ਼ਾਂਤ ਕਰਨ ਲਈ ਪ੍ਰਵੀਨ ਨੇ ਉਸ ਨੂੰ ਸਮਝਾਉਣਾ ਚਾਹਿਆ ਤਾਂ ਉਸ ਨੇ ਗੁੱਸੇ ਵਿੱਚ ਪ੍ਰਵੀਨ ਉੱਤੇ ਕਹੀ ਨਾਲ ਵਾਰ ਕਰ ਦਿੱਤੇ, ਜਿਸ ਨਾਲ ਪ੍ਰਵੀਨ ਦੀ ਮੌਕੇ ਉੱਤੇ ਮੌਤ ਹੋ ਗਈ। ਪੁਲਸ ਨੇ ਜਰਨੈਲ ਸਿੰਘ ਦੇ ਬਿਆਨਾਂ ਉੱਤੇ ਕੇਸ ਦਰਜ ਕਰ ਲਿਆ ਹੈ।

# ਛੇੜਛਾੜ ਤੋਂ ਪ੍ਰੇਸ਼ਾਨ ਲੜਕੀ ਵੱਲੋਂ ਆਤਮਹੱਤਿਆ




ਪਠਾਨਕੋਟ, 15 ਜੂਨ (ਪੋਸਟ ਬਿਊਰੋ)- ਟਿਊਸ਼ਨ ਪੜ੍ਹਨ ਜਾਂਦੀ 17 ਸਾਲ ਦੀ ਲੜਕੀ ਨੇ ਰਸਤੇ ਵਿੱਚ ਤੰਗ, ਪ੍ਰੇਸ਼ਾਨ ਕਰ ਰਹੇ ਇੱਕ ਲੜਕੇ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰ ਲਈ ਹੈ। ਥਾਣਾ ਤਾਰਾਗੜ੍ਹ ਦੀ ਪੁਲਸ ਨੇ ਦੋਸ਼ੀ ਲੜਕੇ ਖਿਲਾਫ ਆਈ ਪੀ ਸੀ ਦੀ ਧਾਰਾ 306 ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਬਾਰੇ ਚੰਡੀਗੜ੍ਹ ਆਬਾਦੀ ਰਾਏਪੁਰ ਦੀ ਇੱਕ ਔਰਤ ਨੀਲਮ ਕੁਮਾਰੀ ਨੇ ਪੁਲਸ ਨੂੰ ਬਿਆਨ ਦਰਜ ਕਰਵਾਏ ਹਨ ਕਿ ਉਸ ਦੀ 17 ਸਾਲਾ ਲੜਕੀ ਤਾਰਾਗੜ੍ਹ ਵਿੱਚ ਬਾਰ੍ਹਵੀਂ ਕਲਾਸ ਵਿੱਚ ਪੜ੍ਹਦੀ ਸੀ, ਓਥੇ ਛੁੱਟੀਆਂ ਹੋਣ ਕਾਰਨ ਉਹ ਟਿਊਸ਼ਨ ਪੜ੍ਹਨ ਤਾਰਾਗੜ੍ਹਜਾਂਦੀ ਸੀ। ਉਸ ਦੀ ਲੜਕੀ ਨੂੰ ਪਿੰਡ ਦਾ ਲੜਕਾ ਕੁਲਦੀਪ ਉਰਫ ਸਾਜਨ ਪ੍ਰੇਸ਼ਾਨ ਕਰਦਾ ਸੀ। ਉਹ ਲੜਕੀ ਨੂੰ ਫੋਨ ਉੱਤੇ ਵੀ ਪ੍ਰੇਸ਼ਾਨ ਕਰਦਾ ਸੀ। ਇਸ ਬਾਰੇ ਉਸ ਦੀ ਲੜਕੀ ਨੇ ਪਹਿਲਾਂ ਵੀ ਉਸ ਨੂੰ ਦੱਸਿਆ ਸੀ। ਉਨ੍ਹਾਂ ਬੇਇੱਜ਼ਤੀ ਦੇ ਡਰੋਂ ਕਿਸੇ ਨਾਲ ਗੱਲ ਨਹੀਂ ਸੀ ਕੀਤੀ। 7 ਜੂਨ ਨੂੰ ਲੜਕੀ ਟਿਊਸ਼ਨ ਤੋਂ ਵਾਪਸ ਆਈ ਤਾਂ ਚੁੱਪਚਾਪ ਰਹਿਣ ਲੱਗੀ। ਅੱਠ ਜੂਨ ਨੂੰ ਉਸ ਦੀ ਲੜਕੀ ਘਰ ਵਿੱਚ ਸੀ। ਉਹ ਘਰ ਦੇ ਨਾਲ ਆਪਣੀ ਕਰਿਆਨੇ ਦੀ ਦੁਕਾਨ ਉੱਤੇ ਕੰਮ ਕਰ ਰਹੀ ਸੀ। ਉਹ ਦੁਕਾਨ ਤੋਂ ਘਰਪਾਣੀ ਲੈਣ ਗਈ ਤਾਂ ਦੇਖਿਆ ਕਿ ਉਸ ਦੀ ਲੜਕੀ ਨੇ ਆਪਣੇ ਕਮਰੇ ਨੂੰ ਕੁੰਡੀ ਲਾਈ ਹੋਈ ਸੀ। ਉਸ ਨੇ ਲੜਕੀ ਨੂੰ ਆਵਾਜ਼ਾਂ ਮਾਰੀਆਂ ਤੇ ਦਰਵਾਜ਼ਾ ਖੜਕਾਇਆ, ਪਰ ਕਮਰੇ ਅੰਦਰੋਂ ਕੋਈ ਆਵਾਜ਼ ਨਹੀਂ ਆਈ। ਉਸ ਨੇ ਦਰਵਾਜ਼ੇ ਨੂੰ ਧੱਕਾ ਮਾਰਿਆ ਤਾਂ ਕੁੰਡੀ ਟੁੱਟ ਗਈ। ਉਸ ਨੇ ਦੇਖਿਆ ਕਿ ਲੜਕੀ ਨੇ ਆਪਣੇ ਕਮਰੇ ਵਿੱਚ ਚੁੰਨੀ ਨੂੰ ਪੱਖੇ ਨਾਲ ਲਟਕਾ ਕੇ ਫਾਹਾ ਲਿਆ ਹੋਇਆ ਸੀ ਅਤੇ ਉਸ ਦੀ ਮੌਤ ਹੋ ਚੁੱਕੀ ਸੀ। ਬਾਅਦ ਵਿੱਚ ਉਨ੍ਹਾਂ ਲੜਕੀ ਦੀ ਲਾਸ਼ ਨੂੰ ਉਤਾਰਿਆ ਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਸਸਕਾਰ ਕਰ ਦਿੱਤਾ। ਮ੍ਰਿਤਕਾ ਦੀ ਮਾਂ ਨੀਲਮ ਕੁਮਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਸੀ ਕਿ ਲੜਕੀ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣਾ ਸੀ। ਉਹ ਸਦਮੇ ਕਾਰਨ ਪੁਲਸ ਨੂੰ ਜਾਣਕਾਰੀ ਨਹੀਂ ਦੇ ਸਕੇ।ਤਾਰਾਗੜ੍ਹ ਪੁਲਸ ਨੇ ਦੱਸਿਆ ਕਿ ਕੁਲਦੀਪ ਉਰਫ ਸਾਜਨ ਖਿਲਾਫ ਕੇਸ ਦਰਜ ਕਰ ਲਿਆ ਹੈ, ਜਦ ਕਿ ਮੁਲਜ਼ਮ ਫਰਾਰ ਹੈ।

# ਫ਼ੂਡ ਸਪਲਾਈ ਵਿਭਾਗ ਦੇ ਜੂਨੀਅਰ ਆਡੀਟਰ ਵੱਲੋਂ ਘਰ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ



ਮਲੋਟ, 15 ਜੂਨ (ਪੋਸਟ ਬਿਊਰੋ)- ਮਲੋਟ ਸ਼ਹਿਰ ਦੇ ਬਠਿੰਡਾ ਰੋਡ ਉੱਤੇ ਜਨਤਾ ਕਾਲੋਨੀ ਵਿੱਚ ਇੱਕ ਵਿਅਕਤੀ ਵੱਲੋਂ ਘਰ ਅੰਦਰ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲੈਣ ਦੀ ਖ਼ਬਰ ਹੈ। ਥਾਣਾ ਮੁਖੀ ਨੇ ਦੱਸਿਆ ਕਿ ਉਨ੍ਹਾਂ ਨੂੰ ਕੱਲ੍ਹ ਬਠਿੰਡਾ ਰੋਡ ਉੱਤੇ ਜਨਤਾ ਕਾਲੋਨੀ ਵਿੱਚ ਰਹਿ ਰਹੇ ਫ਼ੂਡ ਸਪਲਾਈ ਵਿਭਾਗ ਵਿੱਚ ਜੂਨੀਅਰ ਆਡੀਟਰ ਸੁਭਾਸ਼ ਕੁਮਾਰ ਪੁੱਤਰ ਗੋਪੀ ਰਾਮ ਵੱਲੋਂ ਆਪਣੇ ਘਰ ਫਾਹਾ ਲੈ ਕੇ ਖੁਦਕੁਸ਼ੀ ਕਰ ਲੈਣ ਦੀ ਸੂਚਨਾ ਮਿਲੀ ਤਾਂ ਉਨ੍ਹਾਂ ਮੌਕੇ ਉੱਤੇ ਜਾ ਕੇ ਵੇਖਿਆ ਕਿ ਉਸ ਦੀ ਲਾਸ਼ ਫਾਹੇ ਉੱਤੇ ਲਮਕ ਰਹੀ ਸੀ।

ਮਿਲੀ ਜਾਣਕਾਰੀ ਅਨੁਸਾਰ ਸੁਭਾਸ਼ ਕੁਮਾਰ ਜਨਤਾ ਕਾਲੋਨੀ ਬਠਿੰਡਾ ਰੋਡ ਦੇ ਘਰ ਵਿੱਚ ਇਕੱਲਾ ਸੀ ਤੇ ਉਸ ਦੀ ਪਤਨੀ ਜੋ ਕਿ ਹੈਲਥ ਵਿਭਾਗ ਵਿੱਚ ਨੌਕਰੀ ਕਰਦੀ ਹੈ, ਆਪਣੀ ਡਿਊਟੀ ਉੱਤੇ ਗਈ ਸੀ। ਜਦ ਸਵੇਰੇ ਆ ਕੇ ਉਸਦੀ ਪਤਨੀ ਨੇ ਦਰਵਾਜ਼ਾ ਖੜਕਾਇਆ ਤਾਂ ਦਰਵਾਜ਼ਾ ਨਾ ਖੁਲ੍ਹਣ ਉੱਤੇ ਨੇੜੇ-ਤੇੜੇ ਦੇ ਲੋਕਾਂ ਨੇ ਅੰਦਰ ਵੜ ਕੇ ਵੇਖਿਆ ਤਾਂ ਸੁਭਾਸ਼ ਕੁਮਾਰ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ।ਸੁਭਾਸ਼ ਦੀ ਮਾਤਾ ਮਾਇਆ ਦੇਵੀ ਮੁਤਾਬਕ ਸ਼ੁਭਾਸ਼ ਦਿਮਾਗੀ ਤੌਰ ਉਤੇ ਪ੍ਰੇਸ਼ਾਨ ਸੀ ਅਤੇ ਅਪਣੀ ਪਤਨੀ ਤੇ ਬੱਚਿਆਂ ਨਾਲ ਜਨਤਾ ਕਾਲੋਨੀ ਵਿਖੇ ਆਪਣੇ ਘਰ ਵਿੱਚ ਰਹਿ ਰਿਹਾ ਸੀ। ਬੱਚੇ ਆਪਣੇ ਨਾਨਕੇ ਗਏ ਸਨ ਅਤੇ ਪਤਨੀ ਡਿਊਟੀ ਉੱਤੇ ਹੋਈ ਸੀ। ਰਾਤ ਘਰ ਵਿੱਚ ਇਕੱਲਾ ਸੀ ਜਦੋਂ ਉਸ ਦੀ ਪਤਨੀ ਘਰ ਆਈ ਤਾਂ ਉਸ ਨੇ ਦਰਵਾਜ਼ਾ ਖੜਕਾਇਆ। ਦਰਵਾਜ਼ਾ ਨਾ ਖੋਲ੍ਹਣ ਉੱਤੇ ਆਂਢ-ਗੁਆਂਢ ਰਹਿੰਦੇ ਲੋਕਾਂ ਨੂੰ ਬੁਲਾ ਕੇ ਅੰਦਰ ਵੇਖਿਆ ਤਾਂ ਉਸ ਦੀ ਲਾਸ਼ ਫਾਹੇ ਨਾਲ ਲਮਕ ਰਹੀ ਸੀ।




# ਸ਼ੈਮਰਾਕ ਸਕੂਲ ਵੱਲੋਂ ਵਿਦਿਆਰਥੀਆਂ ਲਈ ਵਿੱਦਿਅਕ ਟੂਰ ਦਾ ਆਯੋਜਨ, ਕੁਦਰਤੀ ਆਫ਼ਤ ਨਾਲ ਨਜਿੱਠਣ ਦੇ ਤਰੀਕੇ ਸਿੱਖੇ



ਮੋਹਾਲੀ, 15 ਜੂਨ (ਪੋਸਟ ਬਿਊਰੋ): ਸ਼ੈਮਰਾਕ ਸੀਨੀਅਰ ਸਕੈਂਡਰੀ ਸਕੂਲ, ਸੈਕਟਰ 69 ਵੱਲੋਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆਂ ਅਤੇ ਵਧੀਆਂ ਖਿਡਾਰੀ ਬਣਾਉਣ ਦੇ ਨਾਲ ਨਾਲ ਕਿਸੇ ਤਰਾਂ ਦੀ ਕੁਦਰਤੀ ਆਫ਼ਤ ਨਾਲ ਨਜਿੱਠਣ ਅਤੇ ਕੁਦਰਤ ਦੇ ਨੇੜੇ ਲਿਜਾਉਣ ਦੇ ਟੀਚੇ ਨਾਲ ਵਿਦਿਆਰਥੀਆਂ ਲਈ ਇਕ ਵਿੱਦਿਅਕ ਟੂਰ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਸ਼ੋਗੀ ਵਿਖੇ ਨੇਚਰ ਕੈਂਪ ਵਿਚ ਲਿਜਾ ਕੇ ਕਿਸੇ ਵੀ ਤਰਾਂ ਦੀ ਕੁਦਰਤੀ ਆਫ਼ਤ ਨਾਲ ਦੋ ਦੋ ਹੱਥ ਕਰਦੇ ਹੋਏ ਨਾ ਸਿਰਫ਼ ਆਪਣੀ ਜ਼ਿੰਦਗੀ ਬਚਾਉਣ ਦੇ ਤਰੀਕੇ ਦੱਸੇ ਗਏ ਬਲਕਿ ਦੂਜਿਆਂ ਦੀ ਕੀਮਤੀ ਜਾਨ ਬਚਾਉਣ ਦਾ ਤਰੀਕਾ ਵੀ ਸਮਝਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਪ੍ਰਨੀਤ ਸੋਹਲ ਨੇ ਦੱਸਿਆ ਕਿ ਭਾਰਤ ਵਿਚ ਹਾਲੇ ਵੀ ਸਕੂਲਾਂ 'ਚ ਵਿਦਿਆਰਥੀਆਂ ਨੂੰ ਇਸ ਤਰਾਂ ਦੀ ਟਰੇਨਿੰਗ ਦੇਣ ਦਾ ਮਾਹੌਲ ਨਹੀਂ ਬਣਿਆ ਹੈ ਪਰ ਇਹ ਵੀ ਪ੍ਰਤੱਖ ਹੈ ਕਿ ਜੇਕਰ ਸਕੂਲਾਂ ਵਿਚ ਹੀ ਬੱਚਿਆਂ ਨੂੰ ਮਿਆਰੀ ਸਿੱਖਿਆਂ ਦੇਣ ਅਤੇ ਵਧੀਆਂ ਖਿਡਾਰੀ ਬਣਾਉਣ ਦੇ ਨਾਲ ਨਾਲ ਇਸ ਤਰਾਂ ਦੀ ਟਰੇਨਿੰਗ ਦਿਤੀ ਜਾਵੇ ਤਾਂ ਇਹ ਯਕੀਨਨ ਕਿਸੇ ਦੀ ਅਨਮੋਲ ਜ਼ਿੰਦਗੀ ਬਚਾਉਣ ਲਈ ਕਿਸੇ ਵੀ ਸਮੇਂ ਸਹਾਈ ਹੋ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਤਰਾਂ ਦੇ ਵਿੱਦਿਅਕ ਟੂਰ ਨਾ ਸਿਰਫ਼ ਵਿਦਿਆਰਥੀਆਂ ਨੂੰ ਪੜਾਈ ਦੇ ਮਾਹੌਲ ਤੋਂ ਨਿਕਲ ਕੇ ਕੁਦਰਤ ਦੀ ਗੋਦੀ 'ਚ ਰਹਿੰਦੇ ਹੋਏ ਇਕ ਖ਼ੁਸ਼ਨੁਮਾ ਮਾਹੌਲ ਬਣਾਉਦੇਂ ਹਨ। ਜਿਸ ਨਾਲ ਉਹ ਦੁਬਾਰਾ ਤਰੋ ਤਾਜ਼ਾ ਹੋ ਕੇ ਨਵੀਂ ਊਰਜਾ ਨਾਲ ਪੜ੍ਹਾਈ 'ਤੇ ਧਿਆਨ ਦਿੰਦੇ ਹਨ। ਪ੍ਰਿੰਸੀਪਲ ਸੋਹਲ ਨੇ ਦੱਸਿਆ ਕਿ ਇਸ ਦੌਰਾਨ ਬੱਚਿਆਂ ਨੂੰ ਟਰੈਕਿੰਗ, ਪਾਣੀ ਦੇ ਤੇਜ ਬਹਾਓ ਤੋਂ ਬਚਣ ਦੇ ਤਰੀਕੇ, ਦੀਵਾਰ 'ਤੇ ਚੜ੍ਹਨ ਦੇ ਤਰੀਕੇ ਅਤੇ ਹੋਰ ਕਈ ਤਰਾਂ ਦੇ ਮਨੋਰੰਜਕ ਪਰ ਜ਼ਰੂਰੀ ਤਰੀਕੇ ਵੀ ਸਿਖਾਏ ਗਏ।

# ਪੰਚਾਇਤੀ ਜ਼ਮੀਨਾਂ ਦੀ ਲੀਜ਼ ਦਾ ਮੁੱਦਾ ਵੀ ਪੰਜਾਬ ਸਰਕਾਰ ਦੇ ਏਜੰਡੇ ਉੱਤੇ

ਚੰਡੀਗੜ੍ਹ, 15 ਜੂਨ (ਪੋਸਟ ਬਿਊਰੋ)- ਪੰਜਾਬ ਵਿੱਚ ਕਾਂਗਰਸੀ ਹਕੂਮਤ ਵੇਲੇ ਲੀਜ਼ ਉੱਤੇ ਦਿੱਤੀਆਂ ਪੰਚਾਇਤੀ ਜ਼ਮੀਨਾਂ ਬਾਰੇਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਪੁਨਰ ਵਿਚਾਰ ਕਰੇਗੀ ਅਤੇ ਨਿਯਮਾਂ ਦੀ ਉਲੰਘਣਾ ਕਰ ਕੇ 33 ਸਾਲਾਂ ਦੀ ਲੀਜ਼ ਉੱਤੇ ਦਿੱਤੀਆਂ ਗਈਆਂ ਜ਼ਮੀਨਾਂ ਦੀ ਸਮੀਖਿਆ ਕੀਤੀ ਜਾਵੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਦੇ ਧਿਆਨ ਵਿੱਚ ਆਇਆ ਹੈ ਕਿ ਪੰਚਾਇਤੀ ਜ਼ਮੀਨਾਂ ਦੀ ਮਿਥੇ ਉਦੇਸ਼ ਲਈ ਵਰਤੋਂ ਨਹੀਂ ਹੋ ਰਹੀ। ਇਸ ਦੇ ਨਾਲ ਪਿਛਲੇ ਸਮੇਂ ਦੌਰਾਨ ਲਗਭਗ ਚਾਲੀ ਪੰਚਾਇਤਾਂ ਦੀ 33 ਸਾਲਾਂ ਦੀ ਲੀਜ਼ ਰੱਦ ਕੀਤੀ ਗਈ ਹੈ। ਪਤਾ ਲੱਗਾ ਹੈ ਕਿ 2009 ਤੋਂ 2022 ਤਕ ਪੰਜਾਬ ਭਰ ਵਿੱਚ 253 ਪੰਚਾਇਤਾਂ ਹੇਠਲੀਆਂ ਜ਼ਮੀਨਾਂ ਵੱਖ-ਵੱਖ ਕੰਮਾਂ ਲਈ ਲੀਜ਼ ਉੱਤੇ ਦਿੱਤੀਆਂ ਗਈਆਂ, ਜਿਨ੍ਹਾਂ ਦਾ ਕੁੱਲ ਰਕਬਾ ਕਰੀਬ 1678 ਏਕੜ ਬਣਦਾ ਹੈ। ਪੰਜਾਬ ਪੁਲਸ ਦੇ ਥਾਣੇ ਤੇ ਚੌਕੀਆਂ ਬਣਾਉਣ ਲਈ ਵੀ 54 ਪੰਚਾਇਤਾਂ ਤੋਂ ਜ਼ਮੀਨਾਂ ਲੀਜ਼ ਉੱਤੇ ਲਈਆਂ ਹਨ ਤੇ ਦਰਜਨ ਭਰ ਪੰਚਾਇਤਾਂ ਨੇ ਪੁਲਸ ਵਿਭਾਗ ਵੱਲੋਂ ਲੀਜ਼ ਮਨੀ ਨਾ ਭਰਨ ਉੱਤੇ ਇਹ ਲੀਜ਼ ਰੱਦ ਵੀ ਕੀਤੀ ਹੈ।

ਮੋਹਾਲੀ ਨੇੜੇ ਪਿੰਡ ਬਲੌਂਗੀ ਦੀ 10 ਏਕੜ ਜ਼ਮੀਨ ਬਾਲ ਗੋਪਾਲ ਗਊ ਬਸੇਰਾ ਵੈਲਫੇਅਰ ਸੁਸਾਇਟੀ ਨੂੰ 33 ਸਾਲਾ ਲੀਜ਼ ਉੱਤੇ 25 ਹਜ਼ਾਰ ਰੁਪਏ ਏਕੜ ਦੇ ਹਿਸਾਬ ਦਿੱਤੀ ਗਈ ਹੈ। ਇਸ ਨੂੰ ਚਲਾਉਣ ਵਾਲੀ ਐਨ ਜੀ ਓ ਦੇ ਪ੍ਰਧਾਨ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਹਨ ਤੇ ਇਸ ਬਾਰੇ ਵਿਰੋਧੀ ਧਿਰਾਂ ਨੇ ਸਵਾਲ ਚੁੱਕੇ ਹਨ। ਜ਼ਿਲ੍ਹਾ ਪਟਿਆਲਾ ਵਿੱਚ ਸਭ ਤੋਂ ਵੱਧ 42 ਪੰਚਾਇਤਾਂ ਦੀ ਜ਼ਮੀਨ 33 ਸਾਲਾ ਲੀਜ਼ ਉੱਤੇ ਦਿੱਤੀ ਗਈ ਹੈ ਅਤੇ ਮੋਹਾਲੀ ਦੀਆਂ 20 ਪੰਚਾਇਤਾਂ, ਲੁਧਿਆਣੇ ਦੀਆਂ 12, ਹੁਸ਼ਿਆਰਪੁਰ ਦੀਆਂ 14, ਅੰਮ੍ਰਿਤਸਰ ਦੀਆਂ 19, ਮੁਕਤਸਰ ਸਾਹਿਬ ਦੀਆਂ 12, ਫਤਿਹਗੜ੍ਹ ਸਾਹਿਬ ਦੀਆਂ 15, ਕਪੂਰਥਲੇ ਦੀਆਂ 20 ਤੇ ਜਲੰਧਰ ਦੀਆਂ 19 ਪੰਚਾਇਤਾਂ ਦੀ ਜ਼ਮੀਨ ਲੀਜ਼ ਉੱਤੇ ਦਿੱਤੀ ਗਈ ਹੈ। ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ 11-11 ਜ਼ਮੀਨਾਂ ਥਾਣਿਆਂ ਤੇ ਚੌਕੀਆਂ ਲਈ ਲੀਜ਼ ਉੱਤੇ ਦਿੱਤੀਆਂ ਗਈਆਂ ਹਨ।

ਵਰਨਣਯੋਗ ਹੈ ਕਿ ਕਈ ਪੰਚਾਇਤਾਂ ਦੀ ਜ਼ਮੀਨ ਗੋਦਾਮ ਉਸਾਰੀ ਤੇ ਡਰਾਈਵਿੰਗ ਟਰੈਕ ਬਣਾਉਣ ਵਾਸਤੇ ਲਈ ਹੈ। ਪਿੰਡ ਚੰਦਪੁਰ (ਮੋਹਾਲੀ) ਦੀ 60 ਵਿਘੇ ਜ਼ਮੀਨ ਫਿਲਮ ਸਿਟੀ ਬਣਾਉਣ ਲਈ ਸਪੀਡ ਰਿਕਾਰਡ ਦੇ ਡਾਇਰੈਕਟਰ ਨੂੰ ਲੀਜ਼ ਉੱਤੇ ਦਿੱਤੀ ਗਈ। ਮਲਕਪੁਰ ਵਿੱਚ ਅਗਰਵਾਲ ਪਬਲਿਕ ਸਕੂਲ ਐਜੂਕੇਸ਼ਨ ਸੁਸਾਇਟੀ ਦਿਲੀ ਨੂੰ 25 ਏਕੜ ਜ਼ਮੀਨ ਲੀਜ਼ ਉੱਤੇ ਦਿੱਤੀ ਗਈ। ਪਿੰਡ ਦੈੜੀ (ਮੋਹਾਲੀ) ਦੀ 93 ਕਨਾਲ ਜ਼ਮੀਨ ਮੈਸਰਜ਼ ਸੰਨੀ ਲਵਲੀ ਡਿਵੈਲਪਰਜ਼ ਨੂੰ ਲੀਜ਼ ਉੱਤੇ ਦਿੱਤੀ ਗਈ। ਪਿੰਡ ਥੇਹੜਾ ਦੀ 72 ਵਿਘੇ ਜ਼ਮੀਨ ਥਾਪਰ ਯੂਨੀਵਰਸਿਟੀ ਪਟਿਆਲਾ ਨੂੰ ਕਾਲਜ ਖੋਲ੍ਹਣ ਲਈ 2010 ਵਿੱਚ ਲੀਜ਼ ਉੱਤੇ ਦਿੱਤੀ ਗਈ। ਇਹ ਜ਼ਮੀਨਾਂ ਗਰਿੱਡ ਬਣਾਉਣ, ਭੱਠੇ ਲਾਉਣ, ਗਊਸ਼ਾਲਾ ਖੋਲ੍ਹਣ, ਹਾਟ ਮਿਕਸ ਪਲਾਂਟ, ਸੋਲਰ ਪਾਵਰ ਪਲਾਂਟ ਲਾਉਣ, ਸਕੂਲ ਕਾਲਜ ਖੋਲ੍ਹਣ ਲਈ ਦਿੱਤੀਆਂ ਗਈਆਂ ਹਨ। ਫਾਜ਼ਿਲਕਾ ਦੇ ਪਿੰਡ ਖਾਟਵਾਂ ਦੀ 59 ਕਨਾਲ ਜ਼ਮੀਨ ਰਾਈਫਲ ਸ਼ੂਟਿੰਗ ਰੇਂਜ ਬਣਾਉਣ ਲਈ 33 ਸਾਲਾਂ ਲਈ ਲੀਜ਼ ਉੱਤੇ ਦਿੱਤੀ ਗਈ ਹੈ।

ਇਸ ਬਾਰੇਪੇਂਡੂ ਵਿਕਾਸ ਤੇ ਪੰਚ-ਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਲੀਜ਼ ਵਾਲੀਆਂ ਜਿਨ੍ਹਾਂ ਪੰਚਾਇਤੀ ਜ਼ਮੀਨਾਂ ਦੀ ਦੁਰਵਰਤੋਂ ਹੋ ਰਹੀ ਹੈ, ਉਨ੍ਹਾਂਬਾਰੇ ਪੁਨਰ ਵਿਚਾਰ ਕੀਤਾ ਜਾਵੇਗਾ ਤੇ ਇਸ ਦੇ ਵੇਰਵੇ ਮੰਗੇ ਗਏ ਹਨ। ਉਨ੍ਹਾਂ ਕਿਹਾ ਕਿ ਜਿੱਥੇ ਕਿਤੇ ਪੰਚਾਇਤੀ ਜ਼ਮੀਨ ਦੀ ਮੰਤਵਾਂ ਤੋਂ ਉਲਟ ਵਰਤੋਂ ਹੋ ਰਹੀ ਹੋਵੇਗੀ, ਉਨ੍ਹਾਂ ਖਿਲਾਫ ਐਕਸ਼ਨ ਲਿਆ ਜਾਵੇਗਾ।ਪੰਜਾਬ ਸਰਕਾਰ ਨੇ ਜੂਨ 2015 ਵਿੱਚ ਹਾਈ ਕੋਰਟ ਦੇ ਹੁਕਮਾਂ ਉੱਤੇ ਗਰਾਮ ਪੰਚਾਇਤ ਲੌਂਗ ਲੀਜ਼ ਪਾਲਿਸੀ ਬਣਾਈ ਸੀ, ਜਿਸ ਦੇ ਤਹਿਤ ਡੀ ਸੀ ਦੀ ਅਗਵਾਈ ਹੇਠ ਬਣੀ ਕਮੇਟੀ ਵੱਲੋਂ ਤੈਅ ਕੀਤੇ ਗਏ ਰੇਟਾਂ ਉੱਤੇ ਪੰਚਾਇਤੀ ਜ਼ਮੀਨ 33 ਸਾਲਾਂ ਲਈ ਲੀਜ਼ ਉੱਤੇ ਦਿੱਤੀ ਜਾ ਸਕਦੀ ਹੈ। ਇਸ ਲਈ ਨੀਤੀ ਤਹਿਤ ਮਗਰੋਂ ਲੋਕ ਭਲਾਈ ਦੇ ਕਾਰਜਾਂ ਲਈ ਜ਼ਮੀਨ ਦੇਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਸੀ।

# ਕਿਰਨ ਬੇਦੀ ਦੇ ਬਿਆਨ ਕਾਰਨ ਸਿੱਖ ਭਾਈਚਾਰੇ ਵਿੱਚ ਰੋਸ

### * ਬਾਅਦ ਵਿੱਚ ਕਿਰਨ ਬੇਦੀ ਨੇ ਮੁਆਫੀ ਮੰਗ ਲਈ

ਨਵੀਂ ਦਿੱਲੀ, 15 ਜੂਨ (ਪੋਸਟ ਬਿਊਰੋ)- ਇੱਕ ਜਨਤਕ ਪ੍ਰੋਗਰਾਮ ਵਿੱਚ ਸਿੱਖਾਂ ਬਾਰੇ ਮਜ਼ਾਕੀਆ ਟਿੱਪਣੀ ਕਰਨ ਉੱਤੇ ਪੁੱਡੂਚੇਰੀ ਦੀ ਸਾਬਕਾ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਦੇ ਖਿਲਾਫ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਪੈਦਾ ਹੋ ਗਈ ਹੈ। ਵਿਵਾਦ ਵਧਣ ਉੱਤੇਕਰਨ ਬੇਦੀ ਨੇ ਇੰਟਰਨੈਟ ਉੱਤੇ ਮੁਆਫੀ ਮੰਗੀ ਅਤੇ ਕਿਹਾ ਹੈ ਕਿ ਉਹ ਆਪਣੇ ਧਰਮ ਵਿੱਚ ਬਹੁਤ ਆਸਥਾ ਰੱਖਦੇ ਹਨ ਅਤੇ ਉਹ ਗੁਰੂ ਨਾਨਕ ਦੇਵ ਜੀ ਦੇ ਭਗਤ ਹਨ।



ਚੇਨਈ ਵਿੱਚ ਇੱਕ ਕਿਤਾਬ ਰਿਲੀਜ਼ ਸਮਾਗਮਕਿਰਨ ਬੇਦੀ ਨੇ ਸਿੱਖਾਂ ਬਾਰੇ ਇੱਕ ਭੱਦੀ ਟਿੱਪਣੀ ਕੀਤੀ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਕਿਰਨ ਬੇਦੀ ਨੂੰ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਦੇਸ਼ ਵਿੱਚ ਸਨਮਾਨਤ ਪਦਵੀਆਂ ਉੱਤੇ ਰਹਿਣ ਵਾਲੀ ਕਿਰਨ ਬੇਦੀ ਨੂੰ ਇਹ ਸਮਝ ਨਹੀਂ ਆਈ ਕਿ ਉਹ ਕਿਨ੍ਹਾਂ ਦੇਖਿਲਾਫ ਬਿਆਨਬਾਜ਼ੀ ਕਰ ਰਹੀ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਭਾਰਤ ਦੀਆਂ ਔਰਤਾਂ ਨੂੰ ਵੇਚਣ ਲਈ ਬਾਜ਼ਾਰ ਲੱਗਦਾ ਸੀ, ਓਦੋਂ ਸਿੱਖ ਉਨ੍ਹਾਂ ਨੂੰ ਬਚਾਉਂਦੇ ਸਨ। ਇੱਕ ਔਰਤ ਵੱਲੋਂ ਸਿੱਖਾਂ ਦਾ ਮਜ਼ਾਕ ਉਡਾਉਣਾ ਅਫਸੋਸ ਦੀ ਗੱਲ ਹੈ। ਉਸ ਦੀ ਟਿੱਪਣੀ ਨਾਲ ਸਿੱਖ ਭਾਈਚਾਰੇ ਨੂੰ ਡੂੰਘੀ ਸੱਟ ਲੱਗੀ ਹੈ।

'ਜੱਗ ਆਸਰਾ ਗੁਰੂ ਓਟ' (ਜਾਗੋ ਪਾਰਟੀ) ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਵੀ ਕਿਹਾ ਕਿ 12 ਵੱਜਣ ਬਾਰੇ ਸਿੱਖਾਂ ਦਾ ਮਜ਼ਾਕ ਪਹਿਲੀ ਵਾਰੀ ਨਹੀਂ ਉਡਾਇਆ ਗਿਆ, ਏਦਾਂ ਕਰਨ ਵਾਲਿਆਂ ਨੂੰ ਯਾਦ ਰੱਖਣ ਚਾਹੀਦਾ ਹੈ ਕਿ ਇਹੀ ਸਿੱਖ ਹਿੰਦੂ ਲੜਕੀਆਂ ਅਤੇ ਔਰਤਾਂ ਨੂੰ ਮੁਗ਼ਲਾਂ ਤੋਂ ਬਚਾ ਕੇ ਉਨ੍ਹਾਂ ਦੇ ਘਰ ਪਹੁੰਚਾਉਂਦੇ ਸਨ। ਦੂਜੇ ਪਾਸੇ ਕਿਰਨ ਬੇਦੀ ਨੇ ਟਵੀਟ ਕਰ ਕੇ ਕਿਹਾ ਹੈ ਕਿ ਮੈਂ ਗੁਰੂ ਨਾਨਕ ਦੇਵ ਜੀ ਦੀ ਭਗਤ ਹਾਂ, ਮੈਂ ਜੋ ਵੀ ਕਿਹਾ, ਉਸ ਨੂੰ ਗਲਤ ਨਾ ਸਮਝਿਆ ਜਾਵੇ, ਮੈਂ ਇਸ ਲਈ ਮੁਆਫੀ ਮੰਗਦੀ ਹਾਂ। ਮੈਂ ਸੇਵਾ ਤੇ ਰਹਿਮ ਵਿੱਚ ਭਰੋਸਾ ਰੱਖਦੀ ਹਾਂ।'

## ਰੌਂਗ ਸਾਈਡ ਤੋਂ ਆਏ ਟਰੱਕ ਨਾਲ ਕਾਰ ਟਕਰਾਈ, ਤਿੰਨ ਮੌਤਾਂ

ਸੋਨੀਪਤ, 15 ਜੂਨ (ਪੋਸਟ ਬਿਊਰੋ)- ਜੀ ਟੀ ਰੋਡ ਭਿਗਾਨ ਟੋਲ ਨੇੜੇ ਇੱਕ ਟਰੱਕ ਚਾਲਕ ਦੀ ਲਾਪਰਵਾਹੀ ਨਾਲ ਤਿੰਨ ਦੋਸਤਾਂ ਦੀ ਜਾਨ ਚਲੀ ਗਈ ਅਤੇ ਇੱਕ ਦੀ ਹਾਲਤ ਨਾਜ਼ੁਕ ਦੱਸੀ ਗਈ ਹੈ। ਮ੍ਰਿਤਕਾਂ ਵਿੱਚ ਦੋ ਨਰਸਿੰਗ ਸਟਾਫ ਅਫਸਰ ਵੀ ਸ਼ਾਮਲ ਹਨ। ਰਾਤ 1 ਵੱਜ ਕੇ 10 ਮਿੰਟ ਉੱਤੇ ਟਰੱਕ ਨਾਲ ਵੱਜ ਕੇ ਨੌਜਵਾਨਾਂ ਦੀ ਕਾਰ ਡਿਵਾਈਡਰ ਨਾਲ ਵੱਜੀ। ਇਸ ਹਾਦਸੇ ਪਿੱਛੋਂ ਕਾਰ ਸਵਾਰ ਤਿੰਨ ਨੌਜਵਾਨਾਂ ਦੀ ਮੌਕੇ ਉੱਤੇਮੌਤ ਹੋ ਗਈ, ਇੱਕ ਦੀ ਹਾਲਤ ਗੰਭੀਰ ਹੈ।



ਕੁਲਦੀਪ ਦਹੀਆ ਪੁੱਤਰ ਰਾਮ ਕੁਮਾਰ ਮਾਂ ਸ਼ਕਤੀ ਅਪਾਰਟਮੈਂਟ, ਪੱਛਮੀ ਵਿਹਾਰ ਦਿੱਲੀ ਨੇ ਮੂਰਥਲ ਦੀ ਪੁਲਸ ਨੂੰ ਦੱਸਿਆ ਕਿ ਰਾਤ ਕਰੀਬ 12 ਵੱਜ ਕੇ 10 ਮਿੰਟ ਉੱਤੇ ਉਸ ਦਾ ਭਾਣਜਾ ਗੌਰਵ ਪੁੱਤਰ ਬਲਬੀਰ ਸੈਕਟਰ 24 ਰੋਹਿਣੀ ਦਿੱਲੀ ਆਪਣੇ ਦੋਸਤ ਜਤਿੰਦਰ ਕੁਮਾਰ ਪੁੱਤਰ ਰੋਹਤਾਸ਼, ਅੰਕਿਤ ਪੁੱਤਰ ਸੁਰਿੰਦਰ ਤੇ ਗੌਰਵ ਪੁੱਤਰ ਰਮੇਸ਼ ਪਿੰਡ ਨਾਂਗਲ ਠਾਕਰਾਨ ਦਿੱਲੀ ਨਾਲ ਮੂਰਥਲ ਢਾਬੇ ਉੱਤੇ ਖਾਣਾ ਖਾਣ ਆਏ ਸਨ। ਕਾਰ ਉਸ ਦੇ ਭਾਣਜੇ ਗੌਰਵ ਦੀ ਸੀ। ਖਾਣਾ ਖਾਣ ਦੇ ਬਾਅਦ ਭਾਣਜਾ ਗੌਰਵ ਕਾਰ ਭਿਗਾਨ ਟੋਲ ਟੈਕਸ ਜੀ ਟੀ ਰੋਡ ਤੋਂ ਦਿੱਲੀ ਵੱਲ ਮੋੜਨ ਲੱਗਾ। ਉਹ ਉਸ ਸਮੇਂ ਆਪਣੀ ਗੱਡੀ ਵਿੱਚ ਉਨ੍ਹਾਂ ਪਿੱਛੇ ਜਾ ਰਿਹਾ ਸੀ। ਉਸ ਦੀਆਂ ਅੱਖਾਂ ਮੂਹਰੇ ਇੱਕ ਟਰੱਕ ਸੜਕ ਦੇ ਖੱਬੇ ਪਾਸੇ ਤੋਂ ਗਲਤ ਦਿਸ਼ਾ ਤੋਂ ਲਾਪਰਵਾਹੀ ਤੇ ਤੇਜ਼ ਸਪੀਡ ਨਾਲ ਆਇਆ ਅਤੇ ਅਚਾਨਕ ਜੀ ਟੀ ਰੋਡ ਉੱਤੇ ਲਿਆ ਕੇ ਦਿੱਲੀ ਵੱਲ ਮੋੜਨ ਲੱਗਾ। ਇਸ ਦੌਰਾਨ ਟਰੱਕ ਦਾ ਅਗਲਾ ਹਿੱਸਾ ਭਾਣਜੇ ਦੀ ਕਾਰ ਨੂੰ ਲੱਗਾ, ਜਿਸ ਕਾਰਨ ਕਾਰ ਡਿਵਾਈਡਰ ਨਾਲ ਟਕਰਾ ਗਈ।

# ਪਾਕਿਸਤਾਨ 'ਚ ਰਾਤ ਪੁਲਸ ਹਿਰਾਸਤ ਵਿੱਚ ਰੱਖਣ ਪਿੱਛੋਂ ਪੱਤਰਕਾਰ ਰਿਹਾਅ

ਕਰਾਚੀ, 15 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਦੱਖਣੀ ਸ਼ਹਿਰ ਕਰਾਚੀ ਵਿੱਚ ਰਾਤ ਭਰ ਪੁਲਸ ਦੀ ਹਿਰਾਸਤ ਵਿੱਚ ਰਹਿਣ ਤੋਂ ਬਾਅਦ ਟੀ ਵੀ ਦਾ ਇੱਕ ਪੱਤਰਕਾਰ ਸਵੇਰੇ ਵਾਪਸ ਪਰਤ ਆਇਆ।

ਟੈਲੀਵਿਜ਼ਨ ਪੱਤਰਕਾਰ ਨੂੰ ਪੁਲਸ ਸਾਦੇ ਕੱਪੜਿਆਂ ਵਿੱਚ ਜ਼ਬਰਦਸਤੀ ਲੈ ਗਈ ਸੀ। ਪਾਕਿਸਤਾਨ ਦੀ ਪੱਤਰਕਾਰ ਯੂਨੀਅਨ ਅਤੇ ਉਸਦੇ ਸਹਿਯੋਗੀਆਂ ਨੇ ਨਫੀਸ ਨਈਮ ਦੇ ਜਬਰੀ ਲਾਪਤਾ ਹੋਣ ਦੀ ਨਿੰਦਾ ਕੀਤੀ ਹੈ। ਨਈਮ ਨੇ ਆਪਣੀ ਰਾਤੋ-ਰਾਤ ਦੀ ਹਿਰਾਸਤ ਉੱਤੇ ਕੋਈ ਟਿੱਪਣੀ ਨਹੀਂ ਕੀਤੀ। ਪੁਲਸ ਦਾ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਅਤੇ ਨਾ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਨਈਮ ਨੂੰ ਕੌਣ ਲੈ ਗਿਆ ਸੀ। ਪਾਕਿਸਤਾਨ ਦੇ ਗ੍ਰਹਿ ਮੰਤਰੀ ਰਾਣਾ ਸਨਾਉੱਲਾ ਨੇ ਕੱਲ੍ਹ ਦੇਰ ਰਾਤ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਨਈਮ ਨੂੰ ਲੱਭਣ ਤੇ ਬਰਾਮਦ ਕਰਨ ਦੇ ਆਦੇਸ਼ ਦਿੱਤੇ ਸਨ, ਜਿਸ ਤੋਂ ਬਾਅਦ ਨਈਮ ਨੂੰ ਛੱਡ ਦਿੱਤਾ ਗਿਆ।



ਨਈਮ ਦੇ ਸਹਿਯੋਗੀਆਂ ਨੇ ਸਰਕਾਰ ਤੋਂ ਉਸ ਦੇ ਲਾਪਤਾ ਹੋਣ ਲਈ ਜ਼ਿੰਮੇਵਾਰ ਲੋਕਾਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਨਈਮ 'ਆਜ ਨਿਊਜ਼' ਟੈਲੀਵਿਜ਼ਨ ਵਿੱਚ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੱਲ੍ਹ ਸਾਦੇ ਕੱਪੜਿਆਂ ਵਿੱਚ ਕਈ ਲੋਕਾਂ ਨੇ ਉਸ ਨੂੰ ਉਸਦੇ ਘਰ ਨੇੜੇ ਇੱਕ ਬਾਜ਼ਾਰ ਤੋਂ ਹਿਰਾਸਤ ਵਿੱਚ ਲੈ ਲਿਆ, ਉਨ੍ਹਾਂ ਨੇ ਪੁਲਸ ਦੀ ਗੱਡੀ ਵਿੱਚ ਬਿਠਾਇਆ ਤੇ ਚਲੇ ਗਏ। ਟੈਲੀਵਿਜ਼ਨ ਸਟੇਸ਼ਨ ਨੇ ਕਿਹਾ, "ਜੇਕਰ ਕਿਸੇ ਵਿਅਕਤੀ ਨੇ ਕਾਨੂੰਨ ਦੇ ਵਿਰੁੱਧ ਕਾਨੂੰਨੀ ਕਾਰਵਾਈ ਹੈ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।" ਪਾਕਿਸਤਾਨ ਦੀ ਸਰਕਾਰ ਇਸ ਗੱਲ ਉੱਤੇ ਜ਼ੋਰ ਦਿੰਦੀ ਹੈ ਕਿ ਉਹ ਪ੍ਰਗਟਾਵੇ ਦੀ ਆਜ਼ਾਦੀ ਦਾ ਸਮਰਥਨ ਕਰਦੀ ਹੈ, ਪਰ ਮਨੁੱਖੀ ਅਧਿਕਾਰ ਗਰੁੱਪ ਅਕਸਰ ਪਾਕਿਸਤਾਨ ਦੀਆਂ ਸਿਵਲ ਅਤੇ ਮਿਲਟਰੀ-ਸਮਰਥਕ ਸੁਰੱਖਿਆ ਏਜੰਸੀਆਂ ਅਤੇ ਪੁਲਸ ਉੱਤੇ ਪੱਤਰਕਾਰਾਂ ਨੂੰ ਪ੍ਰੇਸ਼ਾਨ ਕਰਨ ਅਤੇ ਹਮਲਾ ਕਰਨ ਦਾ ਦੋਸ਼ ਲਗਾਉਂਦੇ ਹਨ।

## ਪ੍ਰੇਮ ਅੰਨ੍ਹਾ ਹੁੰਦੈ ਤੇ ਵਾਰਸਾਂ ਤੇ ਸਮਾਜ ਦੇ ਪਿਆਰ ਤੋਂ ਵੱਧ ਡੂੰਘਾ ਹੁੰਦੈ: ਹਾਈ ਕੋਰਟ

ਬੰਗਲੌਰ, 15 ਜੂਨ (ਪੋਸਟ ਬਿਊਰੋ)- ਕਰਨਾਟਕ ਹਾਈ ਕੋਰਟ ਨੇ ਘਰੋਂ ਭੱਜ ਕੇ ਆਪਣੇ ਪ੍ਰੇਮੀ ਨਾਲ ਵਿਆਹ ਕਰਨ ਵਾਲੀ ਲੜਕੀ ਨੂੰ ਪਤੀ ਨਾਲ ਰਹਿਣ ਦੀ ਇਜਾਜ਼ਤ ਦੇ ਦਿੱਤੀ, ਪ੍ਰੰਤੂ ਨਾਲ ਸਾਵਧਾਨ ਕੀਤਾ ਕਿ ਉਸ ਨੇ ਆਪਣੇ ਮਾਂ-ਬਾਪ ਦੇ ਨਾਲ ਜੋ ਕੀਤਾ ਹੈ, ਕੱਲ੍ਹ ਨੂੰ ਉਸ ਦੇ ਬੱਚੇ ਵੀ ਉਸ ਨਾਲ ਉਹੋ ਜਿਹਾ ਵਿਹਾਰ ਕਰ ਸਕਦੇ ਹਨ।



ਲੜਕੀ ਦੇ ਪਿਤਾ ਟੀ ਐਨ ਨਾਗਰਾਜੂ ਨੇ ਅਦਾਲਤ ਨੂੰਅਰਜ਼ੀ ਪੇਸ਼ ਕਰ ਕੇ ਕਿਹਾ ਸੀ ਕਿ ਉਸ ਦੀ ਧੀ ਨਿਸਰਗ ਇੰਜੀਨੀਅਰਿੰਗ ਦੀ ਵਿਦਿਆਰਥਣ ਹੈ ਅਤੇ ਆਪਣੇ ਕਾਲਜ ਦੇ ਹੋਸਟਲਤੋਂ ਗਾਇਬ ਹੋ ਗਈ ਹੈ ਤੇ ਨਿਖਿਲ ਉਰਫ ਅਭੀ ਨਾਂਅ ਦਾ ਡਰਾਈਵਰ ਉਸ ਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਿਆ ਹੈ। ਦੋਵਾਂ ਨੇ 13 ਮਈ ਨੂੰ ਇੱਕ ਮੰਦਰ ਵਿੱਚ ਵਿਆਹ ਕਰ ਲਿਆ ਅਤੇ ਓਦੋਂ ਤੋਂ ਇਕੱਠੇ ਰਹਿ ਰਹੇ ਹਨ। ਉਹ ਆਪਣੇ ਪਤੀ ਨਾਲ ਰਹਿਣਾ ਚਾਹੁੰਦੀ ਹੈ ਤੇ ਮਾਪਿਆਂ ਕੋਲ ਵਾਪਸ ਨਹੀਂ ਜਾਣਾ ਚਾਹੁੰਦੀ। ਦੋਵਾਂ ਦਾ ਬਿਆਨ ਦਰਜ ਕਰਨ ਸਮੇਂ ਅਦਾਲਤ ਨੇ ਮਾਤਾ-ਪਿਤਾ ਤੇ ਉਨ੍ਹਾਂ ਦੀ ਬੇਟੀ ਨੂੰ ਕੁਝ ਸਲਾਹ ਦਿੱਤੀ। ਬੈਂਚ ਨੇ ਮਾਪਿਆਂ ਨੂੰ ਕਿਹਾ ਕਿ ਸਾਡੇ ਇਤਿਹਾਸ ਵਿੱਚ ਇਹ ਮਿਸਾਲਾਂ ਹਨ, ਜਦ ਮਾਤਾ-ਪਿਤਾ ਨੇ ਬੱਚਿਆਂ ਲਈ ਜਾਨ ਕੁਰਬਾਨ ਕਰ ਦਿੱਤੀ ਤੇ ਬੱਚਿਆਂ ਨੇ ਮਾਤਾ-ਪਿਤਾ ਲਈ ਆਪਣਾ ਜੀਵਨ ਬਲੀਦਾਨ ਕਰ ਦਿੱਤਾ।ਬੈਂਚ ਨੇ ਕਿਹਾ ਕਿ ਜੇ ਦੋਵਾਂ ਵਿੱਚ ਪ੍ਰੇਮ ਅਤੇ ਸਨੇਹ ਹੈ ਤਾਂ ਪਰਵਾਰ ਵਿੱਚ ਵਿਵਾਦ ਨਹੀਂ ਹੋ ਸਕਦਾ ਹੈ। ਇਸ ਦੇ ਨਾਲ ਆਪਣੇ ਅਧਿਕਾਰਾਂ ਦੀ ਰਾਖੀ ਲਈ ਬੱਚਿਆਂ ਦੇ ਮਾਤਾ-ਪਿਤਾ ਦੇ ਖਿਲਾਫ ਜਾਂ ਮਾਪਿਆਂ ਦੇ ਬੱਚਿਆਂ ਖਿਲਾਫ ਅਦਾਲਤ ਜਾਣ ਦਾ ਸਵਾਲ ਨਹੀਂ ਪੈਦਾ ਹੁੰਦਾ। ਬੈਂਚ ਨੇ ਆਪਣੇ ਤਾਜ਼ਾ ਫੈਸਲੇ ਵਿੱਚ ਕਿਹਾ ਕਿ ਮੌਜੂਦਾ ਕੇਸ ਦੇ ਅਜੀਬ ਤੱਥ ਅਤੇ ਹਾਲਾਤ ਸਪੱਸ਼ਟ ਕਰਦੇ ਹਨ ਕਿ ਪ੍ਰੇਮ ਅੰਨ੍ਹਾ ਹੁੰਦਾ ਹੈ ਅਤੇ ਮਾਤਾ-ਪਿਤਾ, ਪਰਵਾਰ ਦੇ ਮੈਂਬਰਾਂ ਅਤੇ ਸਮਾਜ ਦੇ ਪਿਆਰ ਅਤੇ ਸਨੇਹ ਦੇ ਮੁਕਾਬਲੇ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਹਥਿਆਰ ਹੁੰਦਾ ਹੈ।ਕੋਰਟ ਨੇ ਨਿਸਰਗ ਨੂੰ ਸਾਵਧਾਨ ਕੀਤਾ ਤੇ ਕਿਹਾ ਕਿ ਬੱਚਿਆਂ ਨੂੰ ਇਹ ਜਾਨਣ ਦਾ ਸਮਾਂ ਆ ਗਿਆ ਹੈ ਕਿ ਜੀਵਨ ਵਿੱਚ ਪ੍ਰਤੀਕਿਰਿਆ, ਪ੍ਰਤੀਧਵਨੀ ਅਤੇ ਪ੍ਰਤੀਬਿੰਬ ਸ਼ਾਮਲ ਹਨ। ਉਹ ਆਪਣੇ ਮਾਤਾ-ਪਿਤਾ ਨਾਲ ਜੋ ਕਰ ਰਹੇ ਹਨ, ਕੱਲ੍ਹ ਉਨ੍ਹਾਂ ਨਾਲ ਵੀ ਹੋਵੇਗਾ। ਬੈਂਚ ਨੇ ਇਸ ਬਾਰੇ ਮਨੂਸਮ੍ਰਿਤੀ ਨੂੰ ਵੀ ਪੇਸ਼ ਕੀਤਾ ਅਤੇ ਨਿਸਰਗ ਦੇ ਪਿਤਾ ਦੀ ਅਰਜ਼ੀ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਕਾਨੂੰਨ ਭਾਵੇਂ ਕਾਨੂੰਨੀ ਵਿਆਹ ਦੀਆਂ ਸ਼ਰਤਾਂ ਤਿਆਰ ਕਰ ਸਕਦਾ ਹੈ, ਪਰ ਜੀਵਨ ਸਾਥੀ ਚੁਣਨ ਵਿੱਚ ਮਾਤਾ-ਪਿਤਾ ਸਮੇਤ ਸਮਾਜ ਦੀ ਕੋਈ ਭੂਮਿਕਾ ਨਹੀਂ ਹੈ।

# ਐਕਸਪ੍ਰੈਸ ਵੇਅ ਜ਼ਮੀਨ ਮਾਮਲੇ ਵਿਚ ਹਰਿਆਣਾ ਦੇ ਪਿੰਡ ਚੌਟਾਲਾ ਵਿੱਚ ਕਰੋੜਾਂ ਰੁਪਏ ਦਾ ਉਸਾਰੀ ਐਵਾਰਡ ਘਪਲਾ

### * ਮਾਲ ਅਫਸਰ ਵੱਲੋਂ 10 ਕਿਸਾਨਾਂ ਨੂੰ 1.52 ਕਰੋੜ ਦੀ ਵਸੂਲੀ ਦਾ ਨੋਟਿਸ

ਡੱਬਵਾਲੀ, 15 ਜੂਨ (ਪੋਸਟ ਬਿਊਰੋ)- ਅੰਮ੍ਰਿਤਸਰ-ਜਾਮਨਗਰ ਐਕਸਪ੍ਰੈਸ ਵੇਅ ਦੇ ਉਸਾਰੀ ਐਵਾਰਡ ਦੇਪਰਦੇ ਵਿੱਚ ਪਿੰਡ ਚੌਟਾਲਾ ਵਿੱਚ ਕੁਝ ਕਿਸਾਨਾਂ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲ ਕਰ ਕੇ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਦਾ ਚੂਨਾ ਲਾਉਣ ਦਾ ਇੱਕ ਵੱਡਾ ਘਪਲਾ ਸਾਹਮਣੇ ਆਇਆ ਹੈ। ਇਸ ਕਰਕੇ ਜ਼ਿਲ੍ਹਾ ਰੈਵੇਨਿਊ ਅਫਸਰ ਨੇ ਤਹਿਸੀਲਦਾਰ ਦੀ ਅਗਵਾਈ ਹੇਠ ਟੀਮ ਬਣਾ ਕੇ ਪਿੰਡ ਚੌਟਾਲਾ ਦੇ 10 ਕਿਸਾਨਾਂ ਤੋਂ 1.52 ਕਰੋੜ ਰੁਪਏ ਦੀ ਵਸੂਲੀ ਕਰਨ ਦੇ ਹੁਕਮ ਦਿੱਤੇ ਅਤੇ ਉਨ੍ਹਾਂ ਨੂੰ ਪੈਸੇ ਜਮ੍ਹਾਂ ਕਰਵਾਉਣ ਲਈ ਨੋਟਿਸ ਭੇਜ ਕੇ ਤਲਬ ਕਰ ਲਿਆ ਹੈ।



ਇਸ ਸੰਬੰਧ ਵਿੱਚ ਸਰਕਾਰੀ ਅਧਿਕਾਰੀਆਂ ਨੇ ਦੋਸ਼ ਲਾਇਆ ਕਿ ਇਸ ਵਕਾਰੀ ਸੜਕੀ ਪ੍ਰੋਜੈਕਟ ਵਿੱਚ ਬਾਗਬਾਨੀ ਵਿਭਾਗ, ਜਲ ਸਪਲਾਈ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਤੇ ਪਿੰਡ ਚੌਟਾਲਾ ਹੀ ਨਹੀਂ, ਕਈ ਪਿੰਡਾਂ ਦੇ ਲੋਕਾਂ ਨੇ ਮੋਟੀ ਰਕਮ ਲੈ ਕੇ ਉਸਾਰੀ ਐਵਾਰਡਾਂ ਨੂੰ ਗਲਤ ਢੰਗ ਨਾਲ ਵਰਤਿਆ ਹੈ।ਉਸਾਰੀ ਐਵਾਰਡ ਵਿੱਚ ਢਾਈ ਏਕੜ ਜ਼ਮੀਨ ਉੱਤੇ 560 ਕਿੰਨੂ ਦੇ ਰੁੱਖ ਦਿਖਾ ਕੇ ਸੁੱਕੇ ਰੁੱਖਾਂ ਦਾ ਮੁਆਵਜ਼ਾ ਵੀ ਦੇ ਦਿੱਤਾ ਗਿਆ, ਪਰ ਤਕਨੀਕੀ ਤੌਰ ਉੱਤੇ ਦੋ ਏਕੜ ਵਿੱਚ ਇੰਨੇ ਕਿੰਨੂ ਦੇ ਰੁੱਖ ਲੱਗ ਨਹੀਂ ਸਕਦੇ। ਰਾਜਿੰਦਰ ਪੁੱਤਰ ਦਵਾਰਕਾ ਪ੍ਰਸਾਦ ਦੀ ਢਾਣੀ ਐਕਸਪ੍ਰੈਸ ਵੇਅ ਵਿੱਚ ਆ ਗਈ ਅਤੇ ਨੈਸ਼ਨਲ ਹਾਈਵੇ ਅਥਾਰਟੀ (ਐਨ ਐਚ ਏ ਆਈ) ਨੇਉਸ ਦਾ ਸਰਕਾਰੀ ਰਸਤਾ ਵੀ ਐਕੁਆਇਰ ਕਰ ਲਿਆ, ਉਸ ਕੋਲ ਰਿਸ਼ਵਤ ਦੇਣ ਲਈ ਪੈਸੇ ਨਾ ਹੋਣ ਕਾਰਨ ਦੋ ਸਾਲ ਧੱਕੇ ਖਾਣ ਪਿੱਛੋਂ ਮੁਆਵਜ਼ੇ ਵਜੋਂ ਸਿਰਫ ਦੋ ਲੱਖ ਰੁਪਏ ਹੀ ਦਿੱਤੇ ਗਏ। ਇਸ ਦੇ ਬਾਅਦ ਜ਼ਿਲ੍ਹਾ ਰੈਵੇਨਿਊ ਅਧਿਕਾਰੀ ਨੂੰ ਉਹ ਪੈਸੇ ਨੂੰ ਸਰਕਾਰੀ ਖਾਤੇ ਵਿੱਚ ਜਮ੍ਹਾਂ ਕਰਾਉਣ ਲਈ ਨੋਟਿਸ ਭੇਜਿਆ ਹੈ। ਇੱਕ ਹੋਰ ਕਿਸਾਨ ਨੇ ਦੱਸਿਆ ਕਿ ਉਨ੍ਹਾਂ ਨੂੰ ਬਣਦਾ ਐਵਾਰਡ ਨਹੀਂ ਮਿਲਿਆ। ਇਸ ਦੇ ਉਲਟ ਪ੍ਰਸ਼ਾਸਨ ਨੇ ਉਨ੍ਹਾਂ ਤੋਂ ਪੈਸੇ ਵਾਪਸ ਮੰਗ ਲਏ ਹਨ, ਜਿਸ ਦਾ ਉਹ ਆਪਣੇ ਵਕੀਲ ਰਾਹੀਂ ਜਵਾਬ ਦੇਣਗੇ।

ਸ਼ਿਕਾਇਤਕਰਤਾ ਰਾਜੇਸ਼ ਬਿਸ਼ਨੋਈ, ਰਾਜਿੰਦਰ ਕੁਮਾਰ ਵਾਸੀ ਚੌਟਾਲਾ ਅਤੇ ਦਇਆ ਰਾਮ ਉਲਾਣੀਆ ਨੇ ਦੋਸ਼ ਲਾਇਆ ਕਿ ਭਾਰਤਮਾਲਾ ਪ੍ਰੋਜੈਕਟ ਤੋਂ ਕਰੀਬ ਦੋ ਸੌ ਫੁੱਟ ਦੂਰ ਇੱਕ ਕਿਸਾਨ ਦੀ ਜ਼ਮੀਨ ਐਕੁਆਇਰ ਨਹੀਂ ਹੋਈ, ਪਰ ਉਸ ਨੂੰ ਕਰੀਬ ਅੱਠ ਲੱਖ ਰੁਪਏ ਦਾ ਉਸਾਰੀ ਐਵਾਰਡ ਮਿਲ ਗਿਆ। ਕਿਸਾਨ ਆਗੂ ਦਇਆ ਰਾਮ ਉਲਾਣੀਆਂ, ਰਾਕੇਸ਼ ਫਗੋੜੀਆ, ਅਨਿਲ ਸਰੇਲੀਆ, ਰਾਜੇਸ਼ ਬਿਸ਼ਨੋਈ, ਰਾਜਿੰਦਰ ਸ਼ਰਮਾ ਅਤੇ ਹੋਰਨਾਂ ਨੇ ਦੱਸਿਆ ਕਿ ਨੌਂ ਪਿੰਡਾਂ ਦੇ ਕਿਸਾਨ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੂੰ ਮਿਲ ਕੇ ਉਸਾਰੀ ਐਵਾਰਡ ਵਿੱਚ ਹੋਏ ਕਰੋੜਾਂ ਦੇ ਘਪਲੇ ਦੀ ਜਾਂਚ ਮੰਗਣਗੇ।

## ਗਰੀਬ ਪਰਿਵਾਰਾਂ ਦੇ 70 ਜੋੜਿਆਂ ਨੇ ਪੈਸੇ ਇਕੱਠੇ ਕਰਕੇ ਸਮੂਹਿਕ ਵਿਆਹ ਰਚਾਏ



ਕਾਬੁਲ, 15 ਜੂਨ (ਪੋਸਟ ਬਿਊਰੋ)- ਅਫ਼ਗ਼ਾਨਿਸਤਾਨ ਦੇ ਗਰੀਬ ਪਰਵਾਰਾਂ ਦੇ 70 ਜੋੜੇ ਕਾਬੁਲ ਵਿੱਚ ਇੱਕ ਸਮੂਹਿਕ ਵਿਆਹ ਸਮਾਰੋਹ ਵਿੱਚ ਵਿਆਹ ਦੇ ਬੰਧਨ ਵਿੱਚ ਬੱਝ ਗਏ।

ਇਸ ਦੇਸ਼ ਵਿੱਚ ਵਿਆਹ ਇੱਕ ਮਹਿੰਗਾ ਮਾਮਲਾ ਹੈ। ਵੱਧ ਖਰਚਾ ਚੁੱਕਣ ਵਿੱਚ ਅਸਮਰੱਥ ਪਰਵਾਰਾਂ ਦੇ ਲਾੜਾ-ਲਾੜੀ ਨੇ ਘੱਟ ਲਾਗਤ ਵਾਲੇ ਵੱਡੇ ਪੈਮਾਨੇ ਉੱਤੇ ਸਮੂਹਕ ਵਿਆਹ ਲਈ ਆਪਣੇ ਨਿੱਕੇ ਵਸੀਲੇ ਇਕੱਠੇ ਕਰ ਕੇ ਖਰਚ ਕਰਨ ਦਾ ਬਦਲ ਚੁਣਿਆ। ਇੱਕ ਸਥਾਨਕ ਧਾਰਮਿਕ ਸੰਗਠਨ ਸਿਲਾਬ ਫਾਊਂਡੇਸ਼ਨ ਨੇ ਸਮੂਹਕ ਵਿਆਹ ਦਾ ਪ੍ਰਬੰਧ ਕੀਤਾ।ਦੇਸ਼ ਵਿੱਚ ਅਨਾਜ ਉਤਪਾਦਾਂ ਦੀ ਲਗਾਤਾਰ ਵਧਦੀਆਂ ਕੀਮਤਾਂ ਅਫਗਾਨੀਆਂ ਲਈ ਇੱਕ ਨਵੀਂ ਚੁਣੌਤੀ ਬਣ ਕੇ ਉਭਰੀਆਂ ਹਨ। ਤਿੰਨ ਮਹੀਨਿਆਂ ਤੋਂ ਘੱਟ ਸਮੇਂ ਵਿੱਚ ਅਨਾਜ ਦੀਆਂ ਕੀਮਤਾਂ ਦੁਗਣੀਆਂ ਹੋਈਆਂ ਹਨ। ਆਟੇਦੀ ਇੱਕ ਬੋਰੀ ਦੀ ਕੀਮਤ 2800 ਤੋਂ 3000 ਅਫਗਾਨੀ ਕਰੰਸੀ ਵਿਚਾਲੇ ਹੁੰਦੀ ਹੈ, ਪਹਿਲਾਂ ਇਸਦੀ ਕੀਮਤ 1400 ਅਫਗਾਨੀ ਸੀ। ਆਰਥਿਕ ਸੰਕਟ ਕਾਰਨ ਈਂਧਨ ਦੀ ਕੀਮਤ ਅਤੇ ਟੈਕਸੀ ਦੇ ਕਿਰਾਏ ਵੀ ਵੱਧ ਗਏ ਹਨ।

# ਮਹਿੰਦਰਾ ਐਂਡ ਮਹਿੰਦਰਾ ਮੋਹਾਲੀ ਵਿੱਚ ਨਵਾਂ ਪਲਾਂਟ ਲਾਵੇਗੀ

ਨਵੀਂ ਦਿੱਲੀ, 15 ਜੂਨ (ਪੋਸਟ ਬਿਊਰੋ)- ਮਹਿੰਦਰਾ ਐਂਡ ਮਹਿੰਦਰਾ ਮੋਹਾਲੀ ਵਿੱਚ ਨਵਾਂ ਟਰੈਕਟਰ ਪਲਾਂਟ ਲਾਵੇਗੀ। ਟਰੈਕਟਰ ਬਣਾਉਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਵੱਲੋਂ ਪਿਛਲੇ ਦਹਾਕੇ ਵਿੱਚਲੱਗਣ ਵਾਲਾ ਇਹ ਪਹਿਲਾ ਪਲਾਂਟ ਹੋਵੇਗਾ। ਕੰਪਨੀ ਨੇ ਘਰੇਲੂ ਮੰਗ ਤੋਂ ਉਤਸ਼ਾਹਿਤ ਹੋ ਕੇ ਨਵੇਂ ਪਲਾਂਟ ਦੀ ਯੋਜਨਾ ਬਣਾਈ ਹੈ।ਪਹਿਲੇ ਪੜਾਅ ਵਿੱਚ ਪਲਾਂਟ ਦੀ ਸਮਰੱਥਾ ਸਾਲਾਨਾ 30,000 ਟਰੈਕਟਰਾਂ ਦੇ ਉਤਪਾਦਨ ਦੀ ਹੋਵੇਗੀ।




ਮਹਿੰਦਰਾ ਐਂਡ ਮਹਿੰਦਰਾ ਨੇ 2012 ਵਿੱਚ ਤੇਲੰਗਾਨਾ ਦੇ ਜਹੀਰਾਬਾਦ ਵਿੱਚ ਇੱਕ ਪਲਾਂਟ ਲਾਇਆ ਸੀ। ਦੁਨੀਆ ਦੇ ਸਭ ਤੋਂ ਵੱਡੇ ਟਰੈਕਟਰ ਬਾਜ਼ਾਰ ਵਿੱਚ ਪਿਛਲੇ ਕੁਝ ਮਹੀਨਿਆਂ ਤੋਂ ਮੰਗ ਵਧ ਰਹੀ ਹੈ, ਜਦ ਕਿ 2022 ਵਿੱਚ ਇੱਥੇ ਵਾਧੇ ਦੀ ਰਫ਼ਤਾਰ ਸੁਸਤ ਪੈ ਗਈ ਸੀ।ਕੰਪਨੀ ਦੇ ਮੁਖੀ ਹੇਮੰਤ ਸਿੱਕਾ ਨੇ ਮੀਡੀਆ ਨੂੰ ਦੱਸਿਆ ਕਿ ਬੀਤੇ ਦੋ ਮਹੀਨਿਆਂ ਵਿੱਚ ਅਸੀਂ ਉਦਯੋਗ ਵਿੱਚ ਤੇਜ਼ ਵਾਧਾ ਦਰਜ ਕੀਤਾ ਹੈ। ਅਸੀਂ ਸਮਰੱਥਾ ਬਿਹਤਰ ਕਰਨ ਲਈ ਮੋਹਾਲੀ ਵਿੱਚ ਇੱਕ ਨਵਾਂ ਪਲਾਂਟ ਲਾ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਪਲਾਂਟ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਇਸ ਉੱਤੇ 400 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ।ਮੋਹਾਲੀ ਪਲਾਂਟ ਤੋਂ ਸਾਨੂੰ ਇਸ ਸਾਲ ਦੇ ਅਖੀਰ ਤਕ ਪਹਿਲਾ ਟਰੈਕਟਰ ਮਿਲਣ ਦੀ ਉਮੀਦ ਹੈ। ਇਹ ਪਲਾਂਟ ਸਵਰਾਜ ਟਰੈਕਟਰਜ਼ ਦੀ ਫੈਕਟਰੀ ਤੋਂ 35 ਕਿਲੋਮੀਟਰ ਦੂਰ ਹੋਵੇਗਾ।ਸਿੱਕਾ ਨੇ ਕਿਹਾ ਕਿ ਮਹਾਰਾਸ਼ਟਰ, ਗੁਜਰਾਤ ਤੇ ਤੇਲੰਗਨਾ ਵਿੱਚ ਮਹਿੰਦਰਾ ਐਂਡ ਮਹਿੰਦਰਾ ਦੇ ਪਲਾਂਟ 90 ਫ਼ੀਸਦੀ ਸਮਰੱਥਾ ਵਰਤੋਂ ਨਾਲ ਆਪ੍ਰੇਟਿੰਗ ਵਿੱਚ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਪਲਾਂਟਾਂ ਵਿੱਚ ਸਮਰੱਥਾ ਵਿਸਥਾਰ ਦੀ ਕੋਈ ਗੁੰਜਾਇਸ਼ ਨਹੀਂ ਹੈ।ਸਿੱਕਾ ਨੇ ਕਿਹਾ ਕਿ ਨਵੇਂ ਪਲਾਂਟ ਤੋਂ ਸਿਰਫ਼ ਘਰੇਲੂ ਮੰਗ ਲਈ ਸਪਲਾਈ ਕੀਤੀ ਜਾਵੇਗੀ ਅਤੇ ਜਹੀਰਾਬਾਦ ਤੇ ਨਾਗਪੁਰ ਪਲਾਂਟਾਂ ਤੋਂ ਐਕਸਪੋਰਟ ਕੀਤੀ ਜਾਵੇਗੀ। ਨਵੇਂ ਪਲਾਂਟ ਵਿੱਚ ਨਿਵੇਸ਼ ਦੀ ਪਹਿਲ ਅਜਿਹੇ ਸਮੇਂ ਵਿੱਚ ਕੀਤੀ ਗਈ ਹੈ ਜਦੋਂ ਵਿੱਤੀ ਸਾਲ 2022 ਵਿੱਚ ਕੰਪਨੀ ਦੀ ਬਾਜ਼ਾਰ 'ਚ ਹਿੱਸੇਦਾਰੀ ਸਾਲਾਨਾ ਆਧਾਰ ਉੱਤੇ 38.2 ਫ਼ੀਸਦੀ ਤੋਂ 40 ਫ਼ੀਸਦੀ ਹੋ ਗਈ ਹੈ।

# ਹਵਾ ਪ੍ਰਦੂਸ਼ਣ ਕਾਰਨ ਭਾਰਤ ਵਿੱਚ ਲੋਕਾਂ ਦੀ ਉਮਰ ਪੰਜ ਸਾਲ ਘਟ ਜਾਣ ਦੇ ਆਸਾਰ

ਨਵੀਂ ਦਿੱਲੀ, 15 ਜੂਨ (ਪੋਸਟ ਬਿਊਰੋ)- ਇੱਕ ਸਰਵੇਖਣ ਮੁਤਾਬਕ ਭਾਰਤ ਵਿੱਚ ਹਵਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਸਭ ਤੋਂ ਵੱਡਾ ਖਤਰਾ ਹੈ ਅਤੇ ਜੇ ਸੰਸਾਰ ਸਿਹਤ ਸੰਸਥਾ ਵੱਲੋਂ ਜਾਰੀ ਨਿਰਦੇਸ਼ ਦੀ ਪਾਲਣਾ ਨਾ ਕੀਤੀ ਤਾਂ ਭਾਰਤ ਵਿੱਚ ਹਰ ਵਿਅਕਤੀ ਦੀ ਉਮਰ ਔਸਤ ਪੰਜ ਸਾਲ ਘੱਟ ਜਾਵੇਗੀ।



ਯੂਨੀਵਰਸਿਟੀ ਆਫ ਸ਼ਿਕਾਗੋ ਵਿੱਚ ਊਰਜਾ ਪਾਲਿਸੀ ਸੰਸਥਾ (ਈ ਪੀ ਆਈ ਸੀ) ਦੇ ਏਅਰ ਕੁਆਲਿਟੀ ਲਾਈਫ ਇੰਡੈਕਸ (ਏ ਕਿਊ ਐਲ ਆਈ) ਦੀ ਰਿਪੋਰਟ ਮੁਤਾਬਕ ਭਾਰਤ ਦੀ ਰਾਜਧਾਨੀ ਦਿੱਲੀ, ਜੋ ਵਿਸ਼ਵ ਦਾ ਸਭ ਪ੍ਰਦੂਸ਼ਿਤ ਸ਼ਹਿਰ ਹੈ, ਵਿੱਚ ਔਸਤ ਸਾਲਾਨਾ ਪੀ ਐਮ 2.5 ਲੈਵਲ 107 ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਜਾਂ ਡਬਲਯੂ ਐਚ ਓ ਵੱਲੋਂ ਜਾਰੀ ਨਿਰਦੇਸ਼ਾਂ ਤੋਂ 21 ਗੁਣਾਂ ਵੱਧ ਹੈ। ਰਿਪੋਰਟ ਮੁਤਾਬਕ ਜੇ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦਾ ਇਹ ਪੱਧਰ ਇੰਝ ਹੀ ਕਾਇਮ ਰਿਹਾ ਤਾਂ ਦਿੱਲੀ ਵਾਸੀ ਹਰ ਵਿਅਕਤੀ ਦੀ ਔਸਤ ਉਮਰ ਦਸ ਸਾਲ ਤਕ ਘੱਟ ਜਾਵੇਗੀ।

ਡਬਲਯੂ ਐਚ ਓ ਵੱਲੋਂ ਪਿਛਲੇ ਸਾਲ ਜਾਰੀ ਨਵੀਆਂ ਸੇਧਾਂ ਮੁਤਾਬਕ ਹਵਾ ਵਿੱਚ ਔਸਤਨ ਸਾਲਾਨਾ ਪੀ ਐਮ 2.5 ਕੰਸਨਟ੍ਰੇਸ਼ਨ ਪੰਜ ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਤੋਂ ਵੱਧ ਨਹੀਂ ਚਾਹੀਦਾ।ਪਹਿਲਾਂ ਇਹ 10 ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਸੀ। ਏ ਕਿਊ ਐਲ ਆਈ, ਜੋ ਮਨੁੱਖ ਦੇ ਸੰਭਵ ਜੀਵਨ ਕਾਲ ਵਜੋਂ ਮਾਪਿਆ ਜਾਂਦਾ ਹੈ, ਮੁਤਾਬਕ ਹਵਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਵਿਸ਼ਵ ਦਾ ਸਭ ਤੋਂ ਵੱਡਾ ਜੋਖਮ ਹੈ। ਸੰਸਾਰ ਪੱਧਰ ਉੱਤੇ ਹਵਾ ਪ੍ਰਦੂਸ਼ਣ ਮਨੁੱਖ ਦੀ ਜ਼ਿੰਦਗੀ ਨੂੰ 2.2 ਸਾਲ ਘਟਾਉਂਦਾ ਹੈ। ਹਵਾ ਪ੍ਰਦੂਸ਼ਣ ਦੇ ਮਨੁੱਖ ਜ਼ਿੰਦਗੀ ਉੱਤੇ ਅਸਰ ਨੂੰ ਸਿਗਰਟਨੋਸ਼ੀ, ਸ਼ਰਾਬ ਪੀਣ ਅਤੇ ਅਸੁਰੱਖਿਅਤ ਪਾਣੀ, ਐਚ ਆਈ ਵੀ, ਏਡਜ਼, ਝਗੜੇ ਅਤੇ ਅੱਤਵਾਦ ਕਰ ਕੇ ਪੈਣ ਵਾਲੇ ਅਸਰ ਨਾਲ ਮੇਲਿਆ ਜਾ ਸਕਦਾ ਹੈ। ਰਿਪੋਰਟ ਮੁਤਾਬਕ ਵਿਸ਼ਵ ਦੇ ਸਾਰੇ ਦੇਸ਼ਾਂ ਦੇ ਮੁਕਾਬਲੇ ਹਵਾ ਪ੍ਰਦੂਸ਼ਣ ਕਰਕੇ ਭਾਰਤ ਵਿੱਚ ਸਿਹਤ ਉੱਤੇ ਸਭ ਤੋਂ ਵੱਧ ਅਸਰ ਪੈਂਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਲ 2013 ਪਿੱਛੋਂ ਸੰਸਾਰ ਪੱਧਰ ਉੱਤੇ ਜਿਹੜਾ ਪ੍ਰਦੂਸ਼ਣ ਦਾ ਪੱਧਰ ਵਧਿਆ ਹੈ, ਉਸ ਵਿੱਚ 44 ਫੀਸਦੀ ਯੋਗਦਾਨ ਭਾਰਤ ਦਾ ਹੈ, ਜਿੱਥੇ ਪਾਰਟੀਕੁਲੇਟ ਪ੍ਰਦੂਸ਼ਣ ਦਾ ਪੱਧਰ 53 ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਤੋਂ 56 ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਵਧਿਆ ਹੈ, ਜੋ ਡਬਲਯੂ ਐਚ ਓ ਦੇ ਦਿਸ਼ਾ-ਨਿਰਦੇਸ਼ਾਂ ਤੋਂ 11 ਗੁਣਾਂ ਵੱਧ ਹੈ। ਸਾਲ 1998 ਤੋਂ ਭਾਰਤ ਵਿੱਚ ਔਸਤ ਪਰਟੀਕੁਲੇਟ ਪ੍ਰਦੂਸ਼ਣ ਵਿੱਚ 61.4 ਫੀਸਦੀ ਵਧਿਆ ਅਤੇ ਮਨੁੱਖ ਦੀ ਔਸਤ ਉਮਰ 2.1 ਸਾਲ ਘਟੀ ਹੈ। ਸਰਵੇਖਣ ਵਿੱਚ ਭਾਰਤ ਵਿੱਚ ਹਵਾ ਪ੍ਰਦੂਸ਼ਣ ਵਧਣਦਾ ਕਾਰਨ ਸਨਅਤੀਕਰਨ, ਆਰਥਿਕ ਵਿਕਾਸ ਤੇ ਪਿਛਲੇ ਦੋ ਦਹਾਕਿਆਂ ਵਿੱਚ ਵਧੀ ਆਬਾਦੀ ਨੂੰ ਦੱਸਿਆ ਗਿਆ ਹੈ।

## ਬੱਚੀ ਦੇ ਕਤਲ ਪਿਛੋਂ ਲਾਸ਼ ਨਾਲੇ ਵਿੱਚ ਸੁਟਣ ਦੇ ਦੋਸ਼ੀ ਨੂੰ ਉਮਰ ਕੈਦ

ਨਵੀਂ ਦਿੱਲੀ, 15 ਜੂਨ (ਪੋਸਟ ਬਿਊਰੋ)- ਗੋਕਲਪੁਰੀ ਇਲਾਕੇ ਤੋਂ ਪੰਜ ਸਾਲਾ ਬੱਚੀ ਨੂੰ ਅਗਵਾ ਕਰ ਕੇ ਉਸ ਦੀ ਲਾਸ਼ ਨਾਲੇ ਵਿੱਚ ਸੁੱਟਣ ਦੇ ਦੋਸ਼ੀ ਫਿਰੋਜ ਉਰਫ਼ ਗੋਤਾ ਨੂੰ ਕੜਕੜਡੂਮਾ ਅਦਾਲਤ ਨੇ ਉਮਰ ਕੈਦ ਸੁਣਾਈ ਹੈ। ਇਸ ਦੇ ਨਾਲ 40 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ। ਐਡੀਸ਼ਨਲ ਸੈਸ਼ਨ ਜੱਜ ਨੂੰ ਪਤਾ ਲੱਗਾ ਕਿ ਦੋਸ਼ੀ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਯੋਗ ਨਹੀਂ ਸੀ, ਇਸ ਲਈ ਅਦਾਲਤ ਨੇ ਉਤਰ ਪੂਰਬੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ ਐਲ ਐਸ ਏ) ਨੂੰ ਪੀੜਤ ਮੁਆਵਜ਼ੇ ਹੇਠ ਚਾਰ ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਨਿਰਦੇਸ਼ ਦਿੱਤਾ ਹੈ। ਇਸ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਜੇ ਦੋਸ਼ੀ ਨੂੰ ਭਵਿੱਖ ਵਿੱਚ ਕਿਸੇ ਵੀ ਸਮੇਂ ਕਿਸੇ ਸਰੋਤ ਜਾਂ ਜਾਇਦਾਦ ਦੀ ਵਿਕਰੀ ਤੋਂ ਪੈਸੇ ਮਿਲਦੇ ਹਨ, ਤਾਂ ਉਹ ਮੁਆਵਜ਼ੇ ਦੀ ਰਕਮ ਡੀ ਐਲ ਐਸ ਏ ਨੂੰ ਅਦਾ ਕਰੇਗਾ ਤਾਂ ਕਿ ਇਹ ਅਥਾਰਟੀ ਅੱਗੇ ਕੰਮ ਕਰਦੀ ਰਹੇ।

ਵਰਨਣ ਯੋਗ ਹੈ ਕਿ 30 ਸਤੰਬਰ 2014 ਨੂੰ ਗੋਕਲਪੁਰੀ ਥਾਣੇ ਵਿੱਚ ਪੰਜ ਸਾਲਾ ਬੱਚੀ ਨੂੰ ਅਗਵਾ ਕਰਨ ਦਾ ਕੇਸ ਦਰਜ ਕੀਤਾ ਗਿਆ ਸੀ। ਜਿਸ ਪਿੱਛੋਂ ਕਤਲ ਕਰਕੇ ਨਾਲੇ ਵਿਚ ਸੁੱਟ ਦਿੱਤਾ ਗਿਆ ਸੀ।



# ਪੰਜਵੀਂ ਸਲਾਨਾ ਐੱਨਲਾਈਟ ਕਿੱਡਜ਼ ਰਨ ਫ਼ਾਰ ਐਜੂਕੇਸ਼ਨ 7 ਅਗਸਤ ਨੂੰ

ਬਰੈਂਪਟਨ, (ਡਾ.ਝੰਡ) - 'ਐੱਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਦੇ ਸੰਚਾਲਕ ਨਰਿੰਦਰਪਾਲ ਬੈਂਸ ਤੋਂ ਪ੍ਰਾਪਤ ਸੂਚਨਾ ਅਨੁਸਾਰ ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' 7 ਅਗਸਤ ਦਿਨ ਐਤਵਾਰ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿਚ ਸਵੇਰੇ 9.00 ਵਜੇ ਕਰਵਾਈ ਜਾ ਰਹੀ ਹੈ ਜਿਸ ਦੇ ਲਈ ਰਜਿਸਟ੍ਰੇਸ਼ਨ 'ਔਨ-ਲਾਈਨ' ਆਰੰਭ ਹੋ ਚੁੱਕੀ ਹੈ ਜੋ ਇਸ ਸੰਸਥਾ ਦੀ ਵੈੱਬਸਾਈਟ 'ਤੇ ਜਾ ਕੇ ਕਰਵਾਈ ਜਾ ਸਕਦੀ ਹੈ। ਕੇਵਲ ਨੌਜੁਆਨ ਹੀ ਨਹੀਂ, ਸਗੋਂ ਹਰੇਕ ਉਮਰ ਵਰਗ ਦੇ ਵਿਅੱਕਤੀਆਂ ਵਿਚ ਇਸ ਰਜਿਸਟ੍ਰੇਸ਼ਨ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਇਸ ਸੰਸਥਾ ਵੱਲੋਂ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਲਈ 2018 ਵਿਚ ਪਹਿਲੀ ਵਾਰ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਸ਼ੁਰੂਆਤ ਕੈਲੇਡਨ ਟਰੇਲ ਦੇ ਪੱਛਮ ਵਾਲੇ ਪਾਸੇ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਕੇ ਕੀਤੀ ਗਈ ਜਿਸ ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ), ਗੁਰੂ ਗੋਬਿੰਦ ਸਿੰਘ ਚਿਲਡਰਨ ਫਾਂਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿਚ ਹਿੱਸਾ ਲਿਆ ਗਿਆ। ਇਸ ਦੌੜ ਨੂੰ ਸਾਰੀਆਂ ਕਮਿਊਨਿਟੀਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਸੀ ਅਤੇ ਇਸ ਵਿਚ ਦੌੜਾਕਾਂ ਤੇ ਵਾੱਕਰਾਂ ਦੀ ਗਿਣਤੀ 150 ਦੇ ਲੱਗਭੱਗ ਹੋ ਗਈ ਸੀ। ਇਸ ਤੋਂ ਉਤਸ਼ਾਹਿਤ ਹੋ ਕੇ 2019 ਵਿਚ ਦੂਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿਚ ਕਰਵਾਈ ਗਈ ਜਿਸ ਵਿਚ ਉਪਰੋਕਤ ਵਰਨਣ ਤਿੰਨਾਂ ਸੰਸਥਾਵਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਅਤੇ ਇਸ ਦੌੜ ਵਿਚ 200 ਤੋਂ ਵਧੀਕ ਦੌੜਾਕ ਤੇ ਵਾੱਕਰ ਸ਼ਾਮਲ ਹੋਏ। ਇੱਥੇ 'ਐੱਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਵੱਲੋਂ ਖੇਡ-ਜਗਤ ਨਾਲ ਜੁੜੀਆਂ ਪੰਜਾਬੀ ਕਮਿਊਨਿਟੀ ਦੀਆਂ ਅਹਿਮ ਸ਼ਖ਼ਸੀਅਤਾਂ ਬਰੈਂਪਟਨ ਦੇ ਸੱਭ ਤੋਂ ਸੀਨੀਅਰ ਐਥਲੀਟ ਪ੍ਰਿੰ. ਵਤਨ ਸਿੰਘ ਗਿੱਲ, ਉੱਘੇ ਖੇਡ-ਲੇਖਕ ਪ੍ਰਿੰ. ਸਰਵਣ ਸਿੰਘ, ਖੇਡ-ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਅਤੇ ਮੈਰਾਥਨ ਦੌੜਾਕ ਸੰਜੂ ਗੁਪਤਾ ਨੂੰ ਸਨਮਾਨਿਤ ਕੀਤਾ ਗਿਆ ਸੀ।



2020 ਵਿਚ ਸਾਰੀ ਦੁਨੀਆਂ ਕਰੋਨਾ ਮਹਾਂਮਾਰੀ ਦੇ ਫ਼ੈਲਣ ਕਾਰਨ ਇਹ ਦੌੜ ਨਾ ਕਰਵਾਈ ਜਾ ਸਕੀ ਪਰ ਫਿਰ ਵੀ ਇਸ ਸੰਸਥਾ ਦੇ ਕੁਝ ਨੌਜੁਆਨ ਮੈਂਬਰਾਂ ਨੇ ਸੀਮਤ ਗਿਣਤੀ ਵਿਚ ਸਿੰਬੌਲਿਕ ਤੌਰ 'ਤੇ ਦੌੜ ਕੇ ਤੀਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਪ੍ਰਕਿਰਿਆ ਪੂਰੀ ਕੀਤੀ। ਸਾਲ 2021 ਵਿਚ ਵਰਚੂਅਲ ਅਤੇ ਰੀਅਲ ਦੋਹਾਂ ਕਿਸਮਾਂ ਦੀ ਸਾਂਝੀ 'ਹਾਈਬਰਿਡ-ਦੌੜ' ਦਾ ਆਯੋਜਨ ਕੀਤਾ ਗਿਆ ਜਿਸ ਵਿਚ ਦੌੜਾਕ ਚਿੰਗੂਆਕੂਜ਼ੀ ਪਾਰਕ, ਸਿੱਖ ਸਪਿਰਿਚੂਅਲ ਸੈਂਟਰ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਅਤੇ ਈਟੋਬੀਕੋ ਦੇ ਇਕ ਪਾਰਕ ਤੋਂ ਥੋੜ੍ਹੀ-ਥੋੜ੍ਹੀ ਗਿਣਤੀ ਵਿਚ ਸਿੰਬੌਲਿਕ ਤੌਰ 'ਤੇ ਦੌੜੇ ਸਨ ਅਤੇ ਬਾਕੀਆਂ ਨੇ ਆਪਣੇ ਘਰਾਂ ਦੇ ਨੇੜਲੇ ਪਾਰਕਾਂ ਤੇ ਵਾੱਕਵੇਅਜ਼ 'ਤੇ ਦੌੜਦਿਆਂ ਹੋਇਆਂ ਕੇ ਆਪਣੇ ਆਪ ਨੂੰ ਫ਼ੋਨਾਂ 'ਤੇ ਆਨ-ਲਾਈਨ 'ਲਾਈਵ' ਕੀਤਾ ਸੀ। ਇਸ ਤਰ੍ਹਾਂ ਇਹ 'ਚੌਥੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਆਪਣੀ ਕਿਸਮ ਦੀ ਵੱਖਰੀ ਯਾਦਗਾਰੀ ਦੌੜ ਬਣ ਗਈ ਜਿਸ ਵਿਚ ਕਨੇਡਾ ਦੇ ਸ਼ਹਿਰਾਂ ਸਕਾਰਬਰੋ, ਸਰੀ, ਕੈਲਗਰੀ ਤੇ ਐਡਮਿੰਟਨ ਤੋਂ ਇਲਾਵਾ ਅਮਰੀਕਾ, ਇੰਗਲੈਂਡ ਅਤੇ ਭਾਰਤ ਤੋਂ ਕਈ ਦੌੜਾਕਾਂ ਨੇ ਇਸ ਦੌੜ ਵਿਚ ਵਰਚੂਅਲ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਵੱਖਰੇ ਤਜਰਬੇ ਤੋਂ ਉਤਸ਼ਾਹਿਤ ਹੋ ਕੇ ਇਸ ਸੰਸਥਾਂ ਦੇ ਪ੍ਰਬੰਧਕੀ ਬੋਰਡ ਨੇ ਅੱਗੋਂ ਹਰ ਸਾਲ ਕਰਵਾਈ ਜਾਣ ਵਾਲੀ ਇਸ ਰੀਅਲ ਦੌੜ ਦੇ ਨਾਲ਼ ਨਾਲ਼ ਵਰਚੂਅਲ ਦੌੜ ਵੀ ਕਰਵਾਉਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਬਰੈਂਪਟਨ ਤੇ ਮਿਸੀਸਾਗਾ ਸ਼ਹਿਰਾਂ ਤੋਂ ਇਲਾਵਾ ਕੈਨੇਡਾ ਦੇ ਹੋਰ ਸ਼ਹਿਰਾਂ ਅਤੇ ਵਿਦੇਸ਼ਾਂ ਤੋਂ ਵੀ ਦੌੜਾਕ ਇਸ ਦੌੜ ਵਿਚ ਆਪਣੀ ਵਰਚੂਅਲ ਸ਼ਮੂਲੀਅਤ ਕਰ ਸਕਣ।

ਹੁਣ ਕਰੋਨਾ ਤੋਂ ਲੱਗਭੱਗ ਛੁਟਕਾਰਾ ਹੋਣ ਤੋਂ ਬਾਅਦ 'ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' 7 ਅੱਗਸਤ ਨੂੰ ਸਵੇਰੇ 9.00 ਵਜੇ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿਚ ਬਣੇ 'ਟੈਰੀ ਫ਼ੌਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵਿਚ ਕਰਵਾਈ ਜਾ ਰਹੀ ਹੈ ਜਿਸ ਵਿਚ ਪਹਿਲਾਂ ਵਾਂਗ ਦੌੜਾਕਾਂ ਅਤੇ ਵਾੱਕਰਾਂ ਦੇ ਵੱਡੀ ਗਿਣਤੀ ਵਿਚ ਪਹੁੰਚਣ ਦੀ ਆਸ ਕੀਤੀ ਜਾ ਰਹੀ ਹੈ। ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫਾਂਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਪਹਿਲਾਂ ਵਾਂਗ ਹੀ ਪੂਰਾ ਸਹਿਯੋਗ ਮਿਲ ਰਿਹਾ ਹੈ ਅਤੇ ਹੋਰ ਕਈ ਖੇਡ-ਕਲੱਬਾਂ ਤੇ ਸੰਸਥਾਵਾਂ ਦੇ ਮੈਂਬਰ ਵੀ ਇਸ ਦੌੜ ਵਿਚ ਸ਼ਾਮਲ ਹੋ ਰਹੇ ਹਨ। ਇਨ੍ਹਾਂ ਤੋਂ ਇਲਾਵਾ ਇਸ ਦੌੜ ਵਿਚ ਵਰਚੂਅਲ ਤੌਰ 'ਤੇ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵੀ ਕਾਫ਼ੀ ਹੋਣ ਦੀ ਉਮੀਦ ਹੈ। ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਸਹਾਇਤਾ ਕਰਨ ਲਈ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਇਸ ਦੌੜ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

## ਮੁੱਖ ਮੰਤਰੀ ਵੱਲੋਂ ਪੋਰਟਲ ਸ਼ੁਰੂ: ਪੰਜਾਬ ਵਿੱਚ ਡਰਾਈਵਿੰਗ ਲਾਇਸੈਂਸ ਆਨਲਾਈਨ ਬਣਨ ਲੱਗੇ

ਚੰਡੀਗੜ੍ਹ, 15 ਜੂਨ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੱਲ੍ਹ ਪੰਜਾਬੀਆਂ ਲਈ ਆਨਲਾਈਨ ਡਰਾਈਵਿੰਗ ਲਾਇਸੈਂਸ ਦੀ ਸਹੂਲਤ ਸ਼ੁਰੂ ਕੀਤੀ ਹੈ, ਜਿਸ ਨਾਲ ਉਹ ਕੰਪਿਊਟਰ, ਮੋਬਾਈਲ, ਟੈਬਲੇਟ ਜਾਂ ਲੈਪਟਾਪ ਉੱਤੇ ਸਿਰਫ਼ ਇੱਕ ਕਲਿੱਕ ਕਰ ਕੇ ਲਰਨਿੰਗ ਡਰਾਈਵਿੰਗ ਲਾਈਸੈਂਸ ਪ੍ਰਾਪਤ ਕਰ ਸਕਦੇ ਹਨ।



ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਵਾਂ ਪੋਰਟਲ ਸ਼ੁਰੂ ਕਰਦੇ ਹੋਏ ਕਿਹਾ,'ਇਹ ਇਤਿਹਾਸਕ ਕਦਮ ਹੈ, ਜਿਸ ਨਾਲ ਚਾਹਵਾਨ ਲੋਕ ਲਰਨਿੰਗ ਡਰਾਈਵਿੰਗ ਲਾਇਸੈਂਸ ਸੌਖਿਆਂ ਹੀ ਆਪਣੇ ਘਰਾਂ ਵਿੱਚ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਦੇ ਸਮੇਂ, ਪੈਸੇ ਅਤੇ ਊਰਜਾ ਦੀ ਬੱਚਤ ਹੋਵੇਗੀ।' ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੋਕਾਂ ਦੀ ਸਹੂਲਤ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਇਹ ਪਹਿਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਹੂਲਤ ਸ਼ੁਰੂ ਹੋਣ ਨਾਲ ਲੋਕਾਂ ਨੂੰ ਆਰ ਟੀ ਓ ਦਫ਼ਤਰਾਂ, ਟਰੈਕਾਂ ਉੱਤੇ ਜਾਣ ਲਈ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।ਉਹ ਆਪਣਾ ਆਧਾਰ ਕਾਰਡ ਅਪਲੋਡ ਕਰ ਕੇ ਲਰਨਿੰਗ ਡਰਾਈਵਿੰਗ ਲਾਇਸੈਂਸ ਅਪਲਾਈ ਕਰ ਸਕਣਗੇ, ਜਿਸ ਤੋਂ ਬਾਅਦ ਉਹ ਆਨਲਾਈਨ ਲਰਨਿੰਗ ਲਾਇਸੈਂਸ ਟੈਸਟ ਵਿੱਚ ਹਿੱਸਾ ਲੈ ਸਕਣਗੇ। ਬਿਨੈਕਾਰ ਆਨਲਾਈਨ ਟੈਸਟ ਪਾਸ ਕਰਨ ਪਿੱਛੋਂ ਲਾਇਸੈਂਸ ਨੂੰ ਡਾਊਨਲੋਡ ਕਰਕੇ ਇਸ ਦਾ ਪ੍ਰਿੰਟ ਲੈ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage

# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## Change of Name

**I, Kartik, son of Ramesh Kumar**, holder of Indian Passport No. K7301321, issued at Delhi, on 18/10/2012, permanent resident of Plot No. 4G Fourth Floor Birch Street Malibu Town, Sohna Road, Sector-47 Gurugram, Haryana, 122018, and presently residing at 19 Farthingale Crescent Brampton, ON L7A 1R3, do hereby change my name from **Kartik to Kartik Patpatia** with immediate effect." **Kartik Patpatia** Call: (705) 868-2818

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# ਅਮਰੀਕੀ ਕੰਪਨੀਆਂ ਦੇ ਫ਼ੈਸਲੇ ਕਾਰਨ ਹੀਰਾ ਉਦਯੋਗ ਪ੍ਰਭਾਵਤ

ਅਹਿਮਦਾਬਾਦ, 15 ਜੂਨ (ਪੋਸਟ ਬਿਊਰੋ)- ਰੂਸ-ਯੂਕਰੇਨ ਲੜਾਈ ਕਾਰਨ ਗੁਜਰਾਤ ਦਾ ਹੀਰਾ ਉਦਯੋਗ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਅਤੇ ਇਸ ਵਿੱਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਦੀ ਰੋਜ਼ੀ ਉੱਤੇ ਗੰਭੀਰ ਸੰਕਟ ਹੈ। ਵਿਸ਼ੇਸ਼ ਰੂਪ ਵਿੱਚ ਸੌਰਾਸ਼ਟਰ ਖੇਤਰ ਦੇ ਪੇਂਡੂ ਹਿੱਸੇਦੀਆਂ ਯੂਨਿਟਾਂ ਇਸ ਨਾਲ ਸਭ ਤੋਂ ਵੱਧ ਪ੍ਰਭਾਵਤ ਹੋਈਆਂ ਹਨ।

ਉਦਯੋਗ ਦੇ ਪ੍ਰਤੀਨਿਧਾਂ ਨੇ ਦੱਸਿਆ ਕਿ ਇਹ ਯੂਨਿਟਾਂ ਪ੍ਰੋਸੈਸਿੰਗ ਤੇ ਪਾਲਸ਼ ਕਰਨ ਲਈ ਰੂਸ ਤੋਂ ਛੋਟੀ ਮਾਤਰਾ ਵਿੱਚ ਹੀਰਿਆਂ ਦੀ ਇੰਪੋਰਟ ਕਰਦੀਆਂ ਹਨ। ਰਤਨ ਅਤੇ ਗਹਿਣਾ ਇੰਪੋਰਟ ਕਰਨ ਵਾਲੀ ਕੌਂਸਲ ਦੇ ਖੇਤਰੀ ਚੇਅਰਮੈਨ ਦਿਨੇਸ਼ ਨਵਾਦਿਆ ਨੇ ਦੱਸਿਆ ਕਿ ਸੂਬੇ ਦੇ ਹੀਰਾ ਉਦਯੋਗ ਵਿੱਚ ਕਰੀਬ 15 ਲੱਖ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ।ਰੂਸ ਤੋਂ ਛੋਟੇ ਆਕਾਰ ਦੇ ਕੱਚੇ ਹੀਰਿਆਂ ਦੀ ਸਪਲਾਈ ਵਿੱਚ ਕਮੀ ਕਾਰਨ ਗੁਜਰਾਤ ਦੇ ਵਪਾਰੀ ਅਫ਼ਰੀਕੀ ਦੇਸ਼ਾਂ ਅਤੇ ਹੋਰ ਸਥਾਨਾਂ ਤੋਂ ਕੱਚਾ ਮਾਲ ਖ਼ਰੀਦਣ ਨੂੰ ਮਜ਼ਬੂਰ ਹਨ, ਜਿਸ ਨਾਲ ਉਨ੍ਹਾਂ ਦਾ ਮੁਨਾਫ਼ਾ ਘਟਦਾ ਹੈ। ਇਸ ਲਈ ਸੂਬੇ ਦੀਆਂ ਹੀਰਾਯੂਨਿਟਾਂ ਨੇ ਆਪਣੇ ਮਜ਼ਦੂਰਾਂ ਤੇ ਪਾਲਸ਼ ਕਰਨ ਵਾਲਿਆਂ ਦੇ ਕੰਮ ਦੇ ਘੰਟਿਆਂ ਵਿੱਚ ਕਟੌਤੀ ਕੀਤੀ ਹੈ, ਜਿਸ ਦੇ ਨਾਲ ਉਨ੍ਹਾਂ ਦੀ ਰੋਜ਼ੀ ਪ੍ਰਭਾਵਿਤ ਹੋਈ ਹੈ।ਵੱਡੇ ਆਕਾਰ ਦੇ ਹੀਰਿਆਂ ਦੀ ਪ੍ਰੋਸੈਸਿੰਗ ਮੁੱਖ ਰੂਪ ਨਾਲ ਸਟੇਟ ਸਿਟੀ ਦੀਆਂ ਯੂਨਿਟਾਂ ਵਿੱਚ ਕੀਤੀ ਜਾਂਦੀ ਹੈ। ਅਮਰੀਕਾ ਨੂੰ ਭਾਰਤ ਤੋਂ 70 ਫ਼ੀਸਦੀ ਕੱਟੇ ਤੇ ਪਾਲਸ਼ ਹੀਰਿਆਂ ਦੀ ਸਪਲਾਈ ਹੁੰਦੀ ਹੈ। ਉਸ ਨੇ ਰੂਸੀ ਕੰਪਨੀਆਂ ਉੱਤੇ ਰੋਕ ਲਾ ਦਿੱਤੀ ਹੈ।ਨਵਾਦਿਆ ਨੇ ਕਿਹਾ ਕਿ ਅਮਰੀਕਾ ਵਿੱਚ ਕੁਝ ਵੱਡੀਆਂ ਕੰਪਨੀਆਂ ਨੇ ਪਹਿਲਾਂ ਹੀ ਉਨ੍ਹਾਂ ਨੂੰ ਈ-ਮੇਲ ਭੇਜ ਕੇ ਕਿਹਾ ਹੈ ਕਿ ਉਹ ਰੂਸੀ ਸਾਮਾਨ ਨਹੀਂ ਲੈਣਗੀਆਂ। ਉਨ੍ਹਾਂ ਕਿਹਾ ਕਿ ਇਸ ਕਾਰਨ ਵਿਸ਼ੇਸ਼ ਰੂਪ ਨਾਲ ਸੌਰਾਸ਼ਟਰ ਦੇ ਭਾਵਨਗਰ, ਰਾਜਕੋਟ, ਅਮਰੇਲੀ ਤੇ ਜੂਨਾਗੜ੍ਹ ਜ਼ਿਲ੍ਹਿਆਂ ਦੇ ਹੀਰਾ ਵਰਕਰ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਅਤੇ ਇਸ ਸੂਬੇ ਦੇ ਉਤਰੀ ਹਿੱਸੇ ਦੇ ਮਜ਼ਦੂਰਾਂ ਉੱਤੇ ਵੀ ਇਸ ਦਾ ਅਸਰ ਪਿਆ ਹੈ।

ਨਵਾਦਿਆ ਨੇ ਕਿਹਾ, ''ਅਸੀਂ ਰੂਸ ਤੋਂ ਲੱਗਭਗ 27 ਫ਼ੀਸਦੀ ਕੱਚੇ ਹੀਰੇ ਦੀ ਇੰਪੋਰਟ ਕਰਦੇ ਸਾਂ, ਪਰ ਲੜਾਈ ਕਾਰਨ ਇੰਨੀ ਮਾਤਰਾ ਗੁਜਰਾਤ ਵਿੱਚ ਪ੍ਰੋਸੈਸਿੰਗ ਯੂਨਿਟਾਂ ਤਕ ਨਹੀਂ ਪਹੁੰਚਦੀ, ਜਿਸ ਨਾਲ ਉਥੇ ਕੰਮ ਪ੍ਰਭਾਵਤ ਹੋ ਰਿਹਾ ਹੈ।'' ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਹੀਰਾ ਪ੍ਰੋਸੈਸਿੰਗ ਵਿੱਚ ਸ਼ਾਮਲ ਪੂਰੀ ਲੇਬਰ ਫ਼ੋਰਸ ਦਾ ਲੱਗਭਗ 50 ਫ਼ੀਸਦ ਛੋਟੇ ਆਕਾਰ ਦੇ ਹੀਰਿਆਂ ਉੱਤੇ ਕੰਮ ਕਰਦਾ ਹੈ, ਜਿਨ੍ਹਾਂ ਨੂੰ ਸਥਾਨਕ ਭਾਸ਼ਾ ਵਿੱਚ 'ਪਟਲੀ' ਕਿਹਾ ਜਾਂਦਾ ਹੈ।





